ਭਿੰਡਰਾਂਵਾਲ਼ੇ ਦੇ ਸ਼ੇਰ

ਸਵੈਗਾਥਾ: ਭਾਈ ਨਛੱਤਰ ਸਿੰਘ ਰੋਡੇ

ਸੰਪਾਦਕ: ਬਲਜੀਤ ਸਿੰਘ ਖ਼ਾਲਸਾ

© ਸੰਪਾਦਕ

ਭਿੰਡਰਾਂਵਾਲ਼ੇ ਦੇ ਸ਼ੇਰ

(ਸਵੈਗਾਥਾ ਭਾਈ ਨਛੱਤਰ ਸਿੰਘ ਰੋਡੇ)

ਸੰਪਾਦਕ :
ਬਲਜੀਤ ਸਿੰਘ ਖ਼ਾਲਸਾ
ਪਿੰਡ ਤੇ ਡਾਕ. ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ ।
98558 31284
E-mail : baljitsinghkhalsa@rediffmail.com

ਪਹਿਲੀ ਵਾਰ ਨਵੰਬਰ 2011

ਕੀਮਤ : 40/-

ਟਾਈਟਲ ਡਿਜ਼ਾਈਨ :
ਕੰਵਰਦੀਪ ਸਿੰਘ 'ਕਵੀ'

ਪ੍ਰਕਾਸ਼ਕ :
ਅਜ਼ਾਦ ਖ਼ਾਲਸਾ ਪ੍ਰਕਾਸ਼ਨ
ਪਿੰਡ ਤੇ ਡਾਕ. ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ ।
0183-2701356, 2701357
97795 34056, 84371 06685

ਸਮਰਪਣ

ਸਿੱਖ ਕੌਮ ਦੀ ਅਣਖ ਤੇ ਅਜ਼ਾਦੀ ਲਈ ਜੇਲ੍ਹਾਂ ਅੰਦਰ

ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਗੁਜ਼ਾਰਨ ਵਾਲ਼ੇ

ਸਮੂਹ ਸਿੰਘਾਂ ਸਿੰਘਣੀਆਂ ਨੂੰ,

ਕਾਲ਼-ਕੋਠੜੀਆਂ ਜਿਨ੍ਹਾਂ ਦੀ ਹਿੰਮਤ ਨੂੰ

ਜੰਗਾਲ਼ ਨਹੀਂ ਲਾ ਸਕੀਆਂ ਅਤੇ

ਜੇਲ੍ਹਾਂ ਦੀਆਂ ਸਖ਼ਤੀਆਂ

ਜਿਨ੍ਹਾਂ ਦੇ ਸਿੱਖੀ ਸਿਦਕ ਵਿੱਚ ਤਰੇੜ ਨਹੀਂ ਪਾ ਸਕੀਆਂ,

ਜਿਨ੍ਹਾਂ ਦੀ ਕੈਦ ਦਾ ਇੱਕ ਇੱਕ ਪਲ਼ ਕੌਮੀ

ਅਜ਼ਾਦੀ ਨੂੰ ਸਮਰਪਿਤ ਸੀ ਅਤੇ ਹੈ।

ਪੰਨਿਆਂ ਦੀ ਦਾਸਤਾਨ

ਵਿਸ਼ਾ	ਵੱਲੋਂ	ਪੰਨਾ ਨੰ
ਭਾਈ ਨਛੱਤਰ ਸਿੰਘ ਰੋਡੇ ਕੌਮ ਦਾ ਮਾਣ ਹਨ	ਬੀਬੀ ਸੰਦੀਪ ਕੌਰ	5
ਜੁਝਾਰੂ ਪੈੜਾਂ ਦੀ ਸਵੈਗਾਥਾ	ਬਲਜੀਤ ਸਿੰਘ ਖਾਲਸਾ	7
ਮੇਰਾ ਜੁਝਾਰੂ ਸਫ਼ਰ	ਭਾਈ ਨਛੱਤਰ ਸਿੰਘ ਰੋਡੇ	9
ਰਿਹਾਈ ਤੋਂ ਬਾਅਦ ਵੀ ਸੰਘਰਸ਼ਸ਼ੀਲ ਰਹੇ ਭਾਈ ਨਛੱਤਰ ਸਿੰਘ ਰੋਡੇ	ਬਲਜੀਤ ਸਿੰਘ ਖਾਲਸਾ	37

ਭਾਈ ਨਛੱਤਰ ਸਿੰਘ ਰੋਡੇ ਕੌਮ ਦਾ ਮਾਣ ਹਨ

ਭਾਈ ਨਛੱਤਰ ਸਿੰਘ ਰੋਡੇ ਬਾਰੇ ਮੈਂ ਉਹਨਾਂ ਸਮਿਆਂ ਵਿੱਚ ਸੁਣਿਆ ਸੀ, ਜਦੋਂ ਮੈਂ ਸਿੱਖ ਅਜ਼ਾਦੀ ਦੇ ਸੰਘਰਸ਼ ਵਿੱਚ ਦਿਲਚਸਪੀ ਲੈਣੀ ਅਰੰਭ ਕੀਤੀ ਸੀ। ਬਚਪਨ ਤੋਂ ਬਾਅਦ ਆਪਣੇ ਜੁਝਾਰੂ ਤੇ ਰੂਪੋਸ਼ ਜੀਵਨ ਵਿੱਚ ਵੀ ਜੇਲ੍ਹਾਂ 'ਚ ਬੰਦ ਸਿੰਘਾਂ ਬਾਰੇ ਚਰਚਾ ਹੁੰਦੀ ਤਾਂ ਕਈ ਹੋਰ ਪ੍ਰਸਿੱਧ ਸਿੰਘਾਂ ਦੇ ਨਾਲ ਭਾਈ ਨਛੱਤਰ ਸਿੰਘ ਰੋਡੇ ਦਾ ਜ਼ਿਕਰ ਵੀ ਜ਼ਰੂਰ ਹੁੰਦਾ। ਫਿਰ ਜਦੋਂ ਮੈਂ ਗ੍ਰਿਫ਼ਤਾਰੀ ਤੋਂ ਬਾਅਦ ਸੰਗਰੂਰ ਜੇਲ੍ਹ 'ਚ ਗਈ ਤਾਂ ਓਥੇ ਮੈਂ ਭਾਈ ਨਛੱਤਰ ਸਿੰਘ ਰੋਡੇ ਦੇ ਇੱਕ ਸਤਿਕਾਰਯੋਗ ਜੁਝਾਰੂ ਸਿੰਘ ਵਜੋਂ ਦਰਸ਼ਨ ਕੀਤੇ।

ਜ਼ਨਾਨਹਾਤੇ 'ਚੋਂ ਮੁਲਾਕਾਤਾਂ ਜਾਂ ਤਰੀਕਾਂ ਤੇ ਆਉਣ ਜਾਣ ਸਮੇਂ ਸਾਨੂੰ ਉਸ (ਬੀ-ਕਲਾਸ) ਬੈਰਕ ਦੇ ਸਾਮ੍ਹਣਿਓਂ ਲੰਘਣਾ ਪੈਂਦਾ ਸੀ, ਜਿੱਥੇ ਭਾਈ ਨਛੱਤਰ ਸਿੰਘ ਰੋਡੇ ਬੰਦ ਸਨ। ਕਈ ਵਾਰ ਮੁਲਾਕਾਤ ਤੇ ਜਾਂਦੇ ਸਮੇਂ ਅਸੀਂ ਦੂਰੋਂ ਵੇਖਣਾ ਤਾਂ ਭਾਈ ਨਛੱਤਰ ਸਿੰਘ ਰੋਡੇ ਨੇ ਆਪਣੀ ਬੈਰਕ ਦੇ ਦਰਵਾਜ਼ੇ 'ਚ ਖੜ੍ਹੇ ਹੋਣਾ, ਪਰ ਸਾਨੂੰ ਆਉਂਦੀਆਂ ਵੇਖ ਕੇ ਉਹਨਾਂ ਨੇ ਬੈਰਕ ਦੇ ਅੰਦਰ ਚਲੇ ਜਾਣਾ। ਮੈਂ ਜੇਲ੍ਹ ਵਿੱਚ ਆਪਣੇ ਆਪ ਵਿੱਚ ਹੀ ਰਹਿੰਦੀ ਸੀ ਤੇ ਕਿਸੇ ਨਾਲ ਬਹੁਤੀ ਗੱਲ ਨਹੀਂ ਸੀ ਕਰਦੀ, ਇਸ ਲਈ ਮੇਰੇ ਜੇਲ੍ਹ ਦੇ ਤਕਰੀਬਨ ਤਿੰਨ ਸਾਲ ਤੋਂ ਵੱਧ ਸਮੇਂ ਤਕ ਭਾਈ ਨਛੱਤਰ ਸਿੰਘ ਰੋਡੇ ਨਾਲ ਵੀ ਮੇਰੀ ਫ਼ਤਹਿ ਦੀ ਸਾਂਝ ਤੋਂ ਇਲਾਵਾ ਹੋਰ ਕੋਈ ਵਿਸ਼ੇਸ਼ ਗੱਲ ਨਾ ਹੋਈ।

ਫਿਰ ਸੰਨ 1996 ਵਿੱਚ, ਜਿਸ ਸਾਲ ਮੇਰੀ ਰਿਹਾਈ ਹੋਈ, ਉਸ ਸਮੇਂ ਕੱਲਰ ਭੈਣੀ ਤੋਂ ਭਾਈ ਨਛੱਤਰ ਸਿੰਘ ਗਰੰਥੀ ਤੇ ਸੋਹਣਜੀਤ ਕੌਰ ਮੇਰੀ ਮੁਲਾਕਾਤ ਲਈ ਆਏ। ਓਦੋਂ ਕੱਲਰ ਭੈਣੀ ਵਿਖੇ ਸ਼ਹੀਦ ਸਿੰਘਾਂ ਦੇ ਬੱਚਿਆਂ ਦੀ ਸੰਸਥਾ ਜੋ ਅਸੀਂ ਅਰੰਭ ਕਰਨ ਦਾ ਟੀਚਾ ਮਿਥਿਆ ਸੀ, ਉਸ ਸੰਬੰਧ 'ਚ ਉਹ ਮੇਰੀਆਂ ਮੁਲਾਕਾਤਾਂ ਕਰਦੇ ਸਨ। ਸੰਜੋਗ ਇਹ ਹੋਇਆ ਕਿ ਮੁਲਾਕਾਤ ਲਿਖਣ ਵੇਲੇ ਜੇਲ੍ਹ ਮੁਲਾਜ਼ਮਾਂ ਨੇ ਭਾਈ ਨਛੱਤਰ ਸਿੰਘ ਗਰੰਥੀ ਨੂੰ ਨਾਮ ਪੁੱਛਿਆ, ਭਾਵ ਕਿਸ ਦੀ ਮੁਲਾਕਾਤ ਕਰਨੀ ਹੈ, ਤਾਂ ਉਹਨਾਂ ਨੇ ਸਮਝਿਆ ਕਿ ਉਹਨਾਂ ਦਾ ਆਪਣਾ ਨਾਂ ਪੁੱਛ ਰਹੇ ਹਨ, ਉਹਨਾਂ ਨੇ 'ਨਛੱਤਰ ਸਿੰਘ' ਲਿਖਵਾ ਦਿੱਤਾ। ਜੇਲ੍ਹ ਵਾਲਿਆਂ ਸਮਝਿਆ ਕਿ ਭਾਈ ਨਛੱਤਰ ਸਿੰਘ ਰੋਡੇ ਨਾਲ ਮੁਲਾਕਾਤ ਕਰਨੀ ਹੈ।

ਫਿਰ ਜੇਲ੍ਹ ਵਾਲਿਆਂ ਨੇ ਪੁੱਛਿਆ:-

"ਤੁਹਾਡਾ ਨਾਮ ?"

ਉਹਨਾਂ ਨੇ ਫਿਰ ਨਛੱਤਰ ਸਿੰਘ ਲਿਖਾ ਦਿੱਤਾ।

ਤੇ ਜਦੋਂ ਇਸ ਦਾ ਪਤਾ ਇਹਨਾਂ ਨੂੰ ਲੱਗਾ ਤਾਂ ਸੋਹਣਜੀਤ ਕੌਰ ਨੇ ਮੇਰੀ ਵੱਖਰੀ ਮੁਲਾਕਾਤ ਲਿਖਵਾ ਦਿੱਤੀ, ਇਸ ਤਰ੍ਹਾਂ ਸਬੱਬੀ ਹੀ ਮੁਲਾਕਾਤਾਂ ਵਾਲੇ ਕਮਰੇ ਵਿੱਚ ਮੇਰੀ ਭਾਈ ਨਛੱਤਰ ਸਿੰਘ ਰੋਡੇ ਨਾਲ ਵੀ ਮੁਲਾਕਾਤ ਹੋ ਗਈ। ਇਸ ਮੁਲਾਕਾਤ ਤੋਂ ਬਾਅਦ ਹੀ ਮੈਂ ਭਾਈ ਨਛੱਤਰ ਸਿੰਘ ਰੋਡੇ ਨੂੰ ਸਰਸਰੀ ਕਹਿ ਦਿੱਤਾ:-

"ਬਾਈ ਜੀ ਮੈਂ ਤੁਹਾਡੇ ਸੰਘਰਸ਼ ਦੀ ਤੁਹਾਡੀ ਆਪਣੀ ਡਾਇਰੀ ਪੜ੍ਹਨੀ ਚਾਹੁਨੀ ਆਂ..."।

ਭਾਈ ਰੋਡੇ ਨੇ ਇਸ ਲਈ ਹਾਂ ਕਰ ਦਿੱਤੀ।

ਅਸਲ ਵਿੱਚ ਮੇਰਾ ਇਹ ਸੋਚਣਾ ਸੀ ਕਿ ਜੇਲ੍ਹ 'ਚ ਰਹਿਣ ਦੌਰਾਨ ਹਰ ਇੱਕ ਜੁਝਾਰੂ ਕੁਝ ਨਾ ਕੁਝ ਪੜ੍ਹ ਵੀ ਰਿਹਾ ਹੈ ਤੇ ਕੁਝ ਨਾ ਕੁਝ ਲਿਖ ਵੀ ਰਿਹਾ ਹੈ। ਮੈਂ ਵੀ ਆਪਣੀ ਡਾਇਰੀ ਲਿਖਦੀ

ਸੀ ਤੇ ਨਾਲ਼ ਦੀ ਨਾਲ਼ ਅਗਲੀ ਪੜ੍ਹਾਈ ਵੀ ਕਰ ਰਹੀ ਸੀ। ਭਾਈ ਕਰਮਜੀਤ ਸਿੰਘ ਸੁਨਾਮ ਵੀ M.A. ਕਰ ਰਿਹਾ ਸੀ। ਪਰ ਭਾਈ ਨਛੱਤਰ ਸਿੰਘ ਰੋਡੇ ਨੇ ਆਪਣੀ ਸੰਘਰਸ਼ ਡਾਇਰੀ ਲਿਖੀ ਨਹੀਂ ਸੀ, ਫਿਰ ਵੀ ਮੇਰੀ ਬੇਨਤੀ ਤੋਂ ਬਾਅਦ ਉਹਨਾਂ ਨੇ 2 ਦਿਨਾਂ ਦੇ ਵਿੱਚ ਹੀ ਆਪਣੇ ਸੰਘਰਸ਼ ਦੀ ਇਹ ਸਾਰੀ ਕਹਾਣੀ ਲਿਖੀ ਤੇ ਮੈਨੂੰ ਸੌਂਪ ਦਿੱਤੀ।

ਜਿਸ ਵੇਲ਼ੇ ਭਾਈ ਨਛੱਤਰ ਸਿੰਘ ਰੋਡੇ ਆਪਣੀ ਹੱਥ ਲਿਖਤ ਤੇ ਹੱਡ-ਬੀਤੀ ਇਹ ਡਾਇਰੀ ਮੈਨੂੰ ਸੌਂਪ ਰਹੇ ਸਨ, ਓਦੋਂ ਮੈਨੂੰ ਅਹਿਸਾਸ ਨਹੀਂ ਸੀ ਕਿ ਉਹ ਮੈਨੂੰ ਕਿੰਨਾ ਵੱਡਾ ਇਤਿਹਾਸਕ ਦਸਤਾਵੇਜ਼ ਸੌਂਪ ਰਹੇ ਹਨ ਤੇ ਨਾਲ਼ ਹੀ ਕਿੰਨੀ ਵੱਡੀ ਜ਼ਿੰਮੇਵਾਰੀ ਵੀ। ਅੱਜ ਉਸ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋਣ ਲਈ ਜਦੋਂ ਮੈਂ ਇਹ ਇਤਿਹਾਸਕ ਦਸਤਾਵੇਜ਼ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਕਰਵਾ ਕੇ ਕੌਮ ਦੀ ਝੋਲ਼ੀ 'ਚ ਪਾ ਰਹੀ ਹਾਂ ਤਾਂ ਮਨ ਵਿੱਚ ਇੱਕ ਟੀਸ ਵੀ ਹੈ ਕਿ ਕਾਸ਼ ! ਭਾਈ ਨਛੱਤਰ ਸਿੰਘ ਰੋਡੇ ਅੱਜ ਇਸ ਦਸਤਾਵੇਜ਼ ਨੂੰ ਕਿਤਾਬੀ ਰੂਪ ਵਿੱਚ ਵੇਖਣ ਲਈ ਸਾਡੇ ਵਿੱਚ ਹੁੰਦੇ; ਪਰ ਮਨ 'ਚ ਇੱਕ ਹੌਸਲਾ ਵੀ ਹੈ ਕਿ ਇਸ ਲਿਖਤ ਰਾਹੀਂ ਉਹ ਤੇ ਉਹਨਾਂ ਦਾ ਸੰਘਰਸ਼ ਸਿੱਖ ਕੌਮ ਦੇ ਬਿਖੜੇ ਪੈਂਡਿਆਂ ਵਿੱਚ ਆਪਣੇ ਹਿੱਸੇ ਆਉਂਦੀ ਜ਼ਿੰਮੇਵਾਰੀ ਵਜੋਂ ਚਾਨਣ ਦੀ ਲੋਅ ਕਰਦਾ ਰਹੇਗਾ।


ਜੇਲ੍ਹ ਦੀਆਂ ਉੱਚੀਆਂ ਕੰਧਾਂ ਕੋਲ
ਭਾਈ ਨਛੱਤਰ ਸਿੰਘ ਦੀ ਇੱਕ ਇਤਿਹਾਸਕ ਤਸਵੀਰ

ਸੰਦੀਪ ਕੌਰ
ਭਾਈ ਧਰਮ ਸਿੰਘ ਖ਼ਾਲਸਾ ਚੈਰੀਟੇਬਲ ਟਰੱਸਟ,
ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।

ਜਦ ਦਿਲ ਦੀ ਖੋਟੀ ਦਿੱਲੀ ਨੇ, ਪੰਜਾਬ 'ਚ ਅੱਤ ਮਚਾਈ ਸੀ ।
ਫਿਰ ਭਿੰਡਰਾਂਵਾਲ਼ੇ ਯੋਧੇ ਨੇ, ਸੁੱਤੀ ਹੋਈ ਕੌਮ ਜਗਾਈ ਸੀ ।
ਜਦੋਂ ਹੱਕ ਦਬਾਏ ਜਾਂਦੇ ਨੇ, ਪਏ ਲੋੜ ਅਮਰ ਹਥਿਆਰਾਂ ਦੀ ।
ਜੋ ਸੱਚ ਦੇ ਪਹਿਰੇਦਾਰ ਬਣੇ, ਗੱਲ ਕਰੀਏ ਸਿੱਖ ਸਰਦਾਰਾਂ ਦੀ ।
ਅਮਰਜੀਤ ਸਿੰਘ ਸਭਰਾਵਾਂ

ਜੁਝਾਰੂ ਪੈੜਾਂ ਦੀ ਸਵੈਗਾਥਾ

ਸਿੱਖ ਪੰਥ ਦੇ ਮੌਜੂਦਾ ਅਜ਼ਾਦੀ ਸੰਘਰਸ਼ ਅਥਵਾ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਪਿਆਰ ਕਰਨ ਵਾਲੇ ਪੰਥਕ ਕਾਫ਼ਲੇ ਵਿੱਚੋਂ ਸ਼ਾਇਦ ਹੀ ਕੋਈ ਅਜਿਹਾ ਸ਼ਖ਼ਸ ਹੋਵੇਗਾ, ਜੋ ਕਿ ਭਾਈ ਨਛੱਤਰ ਸਿੰਘ ਰੋਡੇ ਨੂੰ ਨਾ ਜਾਣਦਾ ਹੋਵੇ। ਦਰਅਸਲ 1978 ਦੇ ਸਾਕੇ ਤੋਂ ਬਾਅਦ ਲਾਲਾ ਜਗਤ ਨਰਾਇਣ ਸਿੱਖ ਕੌਮ ਵਿਰੁੱਧ ਜ਼ਹਿਰੀਲੇ ਪ੍ਰਚਾਰ ਦਾ ਇੱਕ ਪ੍ਰਤੀਕ ਬਣ ਗਿਆ ਸੀ, ਤੇ ਜਦੋਂ ਲਾਲਾ ਜਗਤ ਨਰਾਇਣ ਨੂੰ ਲੁਧਿਆਣੇ ਦੇ ਕੋਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ, ਓਦੋਂ ਭਾਈ ਨਛੱਤਰ ਸਿੰਘ ਰੋਡੇ ਸਿੱਖੀ ਅਣਖ ਦਾ ਇੱਕ ਬੁਲੰਦ ਝੰਡੇ ਵਾਲਾ ਪ੍ਰਤੀਕ ਬਣ ਕੇ ਉੱਭਰਿਆ।

ਨਿੱਕੇ ਹੁੰਦੇ ਅਖ਼ਬਾਰਾਂ ਵਿੱਚ ਭਾਈ ਨਛੱਤਰ ਸਿੰਘ ਰੋਡੇ ਦੇ ਬਾਰੇ ਕੁਝ-ਕੁਝ ਪੜ੍ਹਿਆ ਸੀ। ਫਿਰ ਸੰਨ 1992 ਵਿੱਚ ਜਦੋਂ ਮੈਂ ਨਾਭਾ ਸਕਿਓਰਟੀ ਜੇਲ੍ਹ 'ਚ ਬੰਦ ਸੀ ਤਾਂ ਓਥੇ 7 ਨੰਬਰ ਬੈਰਕ ਦੀਆਂ 10 ਚੱਕੀਆਂ ਵਿੱਚੋਂ ਸਾਨੂੰ 2 ਜਣਿਆਂ ਨੂੰ ਇਕਦਮ ਹੀ ਕੱਢ ਕੇ ਦੋ ਨੰਬਰ ਬੈਰਕ 'ਚ ਭੇਜ ਦਿੱਤਾ ਗਿਆ। ਓਦੋਂ ਸਾਨੂੰ ਇਸ ਦਾ ਕਾਰਨ ਪਤਾ ਨਾ ਲੱਗਾ, ਪਰ ਬਾਅਦ 'ਚ ਪਤਾ ਲੱਗਾ ਕਿ ਸਾਡੀ ਚੱਕੀ ਵਿੱਚ ਭਾਈ ਨਛੱਤਰ ਸਿੰਘ ਰੋਡੇ ਨੂੰ ਲਿਆ ਕੇ ਬੰਦ ਕੀਤਾ ਗਿਆ ਹੈ। ਭਾਈ ਸਾਹਿਬ ਓਦੋਂ ਪਹਿਲਾਂ ਸੰਗਰੂਰ ਜੇਲ੍ਹ ਵਿੱਚ ਬੰਦ ਸਨ। ਇਹ ਸ਼ਾਇਦ ਅਗਸਤ ਜਾਂ ਸਤੰਬਰ 1992-ਦਾ ਸਮਾਂ ਸੀ। ਓਦੋਂ ਮੈਨੂੰ ਇਹ ਝੋਰਾ ਰਿਹਾ ਕਿ ਏਨਾ ਨੇੜੇ ਹੋ ਕੇ ਵੀ ਮੈਂ ਭਾਈ ਨਛੱਤਰ ਸਿੰਘ ਰੋਡੇ ਦੇ ਦਰਸ਼ਨ ਨਹੀਂ ਕਰ ਸਕਿਆ ਤੇ ਉਹਨਾਂ ਨਾਲ ਕੋਈ ਗੱਲਬਾਤ ਵੀ ਨਾ ਹੋ ਸਕੀ। ਓਦੋਂ ਜੇਲ੍ਹ ਵਿੱਚ ਚਰਚਾ ਸੀ ਕਿ ਭਾਈ ਨਛੱਤਰ ਸਿੰਘ ਰੋਡੇ ਦੀ ਲਿਖੀ ਹੋਈ ਇੱਕ ਚਿੱਠੀ ਕਿਸੇ ਜੁਝਾਰੂ ਸਿੰਘ ਕੋਲੋਂ ਬਰਾਮਦ ਹੋ ਜਾਣ ਕਰ ਕੇ ਉਹਨਾਂ ਨੂੰ ਸੰਗਰੂਰ ਜੇਲ੍ਹ ਤੋਂ ਬਦਲ ਕੇ ਨਾਭੇ ਭੇਜ ਦਿੱਤਾ ਗਿਆ ਹੈ, (ਪਰ ਇਸ ਘਟਨਾ ਦਾ ਅਸਲ ਕਾਰਨ ਭਾਈ ਨਛੱਤਰ ਸਿੰਘ ਨੇ ਆਪਣੀ ਹਥਲੀ ਲਿਖਤ ਵਿੱਚ ਖ਼ੁਦ ਲਿਖਿਆ ਹੋਇਆ ਹੈ।)

ਇਸ ਤੋਂ ਬਾਅਦ ਭਾਈ ਨਛੱਤਰ ਸਿੰਘ ਰੋਡੇ ਦੇ ਨਾਲ ਮੇਰੀ ਮੁਲਾਕਾਤ ਬੜੇ ਅਜੀਬ ਜਿਹੇ ਇਤਫ਼ਾਕ ਨਾਲ ਹੋਈ। ਅਸੀਂ ਰੋਡੇ ਪਿੰਡ 'ਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਕਿਸੇ ਪਰਿਵਾਰਕ ਸਮਾਗਮ ਵਿੱਚ ਹਾਜ਼ਰੀ ਭਰ ਕੇ ਵਾਪਸ ਪਰਤ ਰਹੇ ਸਾਂ ਕਿ ਸੰਦੀਪ ਕੌਰ ਨੇ ਅਚਾਨਕ ਗੱਡੀ ਰੁਕਵਾਈ। ਗੱਡੀ ਰੋਕ ਕੇ ਥੋੜ੍ਹੀ ਜਿਹੀ ਬੈਕ ਕਰਨੀ ਪਈ ਤੇ ਸਾਡੇ ਸਾਮ੍ਹਣੇ ਬੈਠਾ ਸੀ ਇੱਕ ਚਿੱਟੇ ਦਾੜ੍ਹੇ ਵਾਲਾ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲਾ ਗੁਰਸਿੱਖ। ਇਹੀ ਭਾਈ ਨਛੱਤਰ ਸਿੰਘ ਰੋਡੇ ਸਨ।

ਭਾਈ ਨਛੱਤਰ ਸਿੰਘ ਰੋਡੇ ਓਦੋਂ ਕਿਸੇ ਕੰਮ ਸ਼ਹਿਰ ਨੂੰ ਜਾ ਰਹੇ ਸਨ, ਪਰ ਉਹ ਕੰਮ ਮੁਲਤਵੀ ਕਰ ਕੇ ਸਾਨੂੰ ਆਪਣੇ ਘਰ ਲੈ ਗਏ। ਓਥੇ ਵਾਹਵਾ ਚਿਰ ਦਿਲ ਖੋਲ੍ਹ ਕੇ 'ਬਾਈ ਜੀ' ਨਾਲ ਗੱਲਬਾਤ ਹੋਈ। ਮੈਨੂੰ ਇਹ ਸੰਦੀਪ ਕੌਰ ਨੇ ਪਹਿਲਾਂ ਹੀ ਦੱਸਿਆ ਸੀ ਕਿ 'ਬਾਈ ਜੀ' ਦੀ ਹੱਥ ਲਿਖਤ ਉਹਨਾਂ ਦੀ ਸਵੈਗਾਥਾ ਮੇਰੇ ਕੋਲ ਸੰਭਾਲੀ ਪਈ ਹੈ। ਉਹ ਲਿਖਤ ਵੀ ਕਾਫ਼ੀ ਸਮਾਂ ਸੰਭਾਲੀ ਹੀ ਪਈ ਰਹੀ, ਪਰ ਭਾਈ ਸਾਹਿਬ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਇਹ ਅਹਿਸਾਸ ਹੋਇਆ ਕਿ ਇਤਿਹਾਸ ਦਾ ਇੱਕ ਨਾਇਕ ਸਾਥੋਂ ਵਿਦਾ ਹੋ ਗਿਆ ਹੈ। ਓਦੋਂ ਅਸੀਂ ਆਪਣੇ ਮੈਗਜ਼ੀਨ ਵਿੱਚ ਲਾਲਾ ਜਗਤ ਨਰਾਇਣ ਦੇ ਕਤਲ ਵਾਲਾ ਹਿੱਸਾ ਭਾਈ ਨਛੱਤਰ ਸਿੰਘ ਦੀ ਡਾਇਰੀ 'ਚੋਂ ਕੱਢ ਕੇ ਛਾਪਿਆ ਅਤੇ ਇਸ ਇਤਿਹਾਸ ਦਸਤਾਵੇਜ਼ ਨੂੰ ਲਗਾਤਾਰ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ, ਪਰ ਅਜਿਹਾ ਨਾ ਹੋ ਸਕਿਆ।

ਪਿਛਲੇ ਦਿਨੀਂ ਮੈਂ ਇਹ ਡਾਇਰੀ ਖੋਲ੍ਹ ਕੇ ਪੂਰੀ ਪੜ੍ਹੀ ਤਾਂ ਇਸ ਦੀ ਅਹਿਮੀਅਤ ਅੰਦਾਜ਼ੇ ਤੋਂ ਕਿਤੇ ਵੱਧ ਪ੍ਰਤੀਤ ਹੋਈ। ਮੇਰੇ ਮਨ ਵਿੱਚ ਇਹ ਵਿਚਾਰ ਪੈਦਾ ਹੋਇਆ ਕਿ ਇਸ ਸਿਰਲੱਥ ਜੁਝਾਰੂ ਦੇ ਲੰਮੇ ਸੰਘਰਸ਼ਸ਼ੀਲ ਸਫ਼ਰ ਦੇ ਖ਼ੁਦ ਲਿਖੇ ਇਹ ਅਨਮੋਲ ਹਰਫ਼ ਕਿਤੇ ਅਣਛਪੇ ਹੀ ਨਾ ਰਹਿ ਜਾਣ। ਸਿੱਖ ਕੌਮ ਦੀ ਅਜ਼ਾਦੀ ਦੇ ਮੌਜੂਦਾ ਸੰਘਰਸ਼ ਵਿੱਚ 'ਬਿਖੜਾ ਪੈਂਡਾ' ਅਤੇ 'ਅਸੀਂ ਅੱਤਵਾਦੀ ਨਹੀਂ' ਕਿਤਾਬਾਂ ਤੋਂ ਬਾਅਦ ਤੀਜਾ ਅਹਿਮ ਦਸਤਾਵੇਜ਼ ਹੈ, ਜਿਸ ਵਿੱਚ ਆਪਣੇ ਸੰਘਰਸ਼ ਦੇ ਪੈਂਡੇ ਨੂੰ ਜੁਝਾਰੂ ਸੰਘਰਸ਼ ਲੜਨ ਵਾਲ਼ਿਆਂ ਨੇ ਖ਼ੁਦ ਲਿਖਿਆ ਹੈ। ਸਿੱਖ ਸੰਘਰਸ਼ ਨੂੰ ਸਮਝਣ ਲਈ ਇਹ ਪੁਸਤਕਾਂ ਪੜ੍ਹਨ, ਖੋਜ ਕਰਨ ਅਤੇ ਸੰਭਾਲ਼ ਕੇ ਰੱਖਣਯੋਗ ਦਸਤਾਵੇਜ਼ ਹਨ।

ਇਸ ਕਿਤਾਬ ਦਾ ਨਾਂ 'ਭਿੰਡਰਾਂਵਾਲ਼ੇ ਦੇ ਸ਼ੇਰ' ਰੱਖਣ ਪਿੱਛੇ ਮੇਰਾ ਇਹ ਵਿਚਾਰ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਦੀ ਇਹ ਰੀਝ ਕਿ ਹਰ ਪਿੰਡ 'ਚ ਤਿੰਨ ਸਿੱਖ ਗੱਭਰੂ, ਇੱਕ ਮੋਟਰਸਾਈਕਲ ਤੇ ਰਿਵਾਲਵਰਾਂ ਨਾਲ਼ ਲੈਸ ਹੋਣ, ਉਸ ਸੰਦਰਭ ਵਿੱਚ ਭਾਈ ਨਛੱਤਰ ਸਿੰਘ ਰੋਡੇ ਹੋਰਾਂ ਵੱਲੋਂ ਮੋਟਰਸਾਈਕਲ ਤੇ ਕੀਤਾ ਗਿਆ ਇੱਕ ਮਹੱਤਵਪੂਰਨ ਐਕਸ਼ਨ, ਉਹਨਾਂ ਨੂੰ ਸੰਤ ਭਿੰਡਰਾਂਵਾਲ਼ਿਆਂ ਦੀ ਕਮਾਂਡ 'ਚ ਲੜਨ ਵਾਲੇ ਸਿਪਾਹੀਆਂ 'ਚ ਅਹਿਮ ਰੁਤਬਾ ਪ੍ਰਦਾਨ ਕਰ ਗਿਆ ਸੀ, ਤੇ ਇਸ ਮਕਸਦ ਲਈ ਟਾਈਟਲ ਦੀ ਮੋਟਰਸਾਈਕਲ ਵਾਲ਼ੀ ਤਸਵੀਰ ਮਾਡਲਿੰਗ ਰਾਹੀਂ ਤਿਆਰ ਕੀਤੀ ਗਈ ਜਦਕਿ ਸੰਤ ਭਿੰਡਰਾਂਵਾਲ਼ਿਆਂ ਦੀ ਪੇਂਟਿੰਗ ਵਰਤੀ ਗਈ ਹੈ। ਬਿਨਾਂ ਸ਼ੱਕ ਇਹ ਕਿਤਾਬ ਭਿੰਡਰਾਂਵਾਲ਼ੇ ਸੰਤਾਂ ਵਰਗੇ ਅਣਖੀਲੇ ਜਰਨੈਲ ਦੇ ਜਾਂਬਾਜ਼ ਸਿਪਾਹੀਆਂ ਦੇ ਸੰਘਰਸ਼ਸ਼ੀਲ ਜੀਵਨ ਤੇ ਚਾਨਣਾ ਪਾਉਂਦੀ ਹੈ।

ਬਲਜੀਤ ਸਿੰਘ ਖ਼ਾਲਸਾ
ਮੁੱਖ ਸੰਪਾਦਕ 'ਕੌਮੀ ਵੰਗਾਰ'
ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ।
98558-31284

ਪੰਜਾਂ ਪਿਆਰਿਆਂ ਦੀ ਛਤਰ ਛਾਂ ਹੇਠਾਂ,
ਪੰਥ ਖ਼ਾਲਸੇ ਮੰਜ਼ਲਾਂ ਮਾਰੀਆਂ ਨੇ ।
ਇਹਦੀ ਤੇਗ਼ ਤੋਂ ਜਾਬਰ ਦਾ ਸਾਹ ਸੁੱਕੇ,
ਵਾਹੀਆਂ ਦੇਸ਼ ਖ਼ਾਤਰ ਤੇਗ਼ਾਂ ਭਾਰੀਆਂ ਨੇ ।
ਏਹਨੇ ਦੇਸ਼ ਦੀ ਇੱਜ਼ਤ ਤੇ ਆਬਰੂ ਲਈ,
ਅਨਿਕ ਵਾਰ ਜਵਾਨੀਆਂ ਵਾਰੀਆਂ ਨੇ ।
ਅੰਗ ਸੰਗ ਹੈ ਗੁਰੂ ਦਸਮੇਸ਼ ਏਹਦੇ,
ਜਿਨ੍ਹੇ ਬਖ਼ਸ਼ੀਆਂ ਏਹਨੂੰ ਸਰਦਾਰੀਆਂ ਨੇ ।

'ਕੇਸਗੜ੍ਹ' 'ਚੋਂ ਫੁੱਟੀ ਹੋਈ ਲੋਅ ਸਦਕੇ,
ਪੰਥ ਖ਼ਾਲਸਾ ਫਰਜ਼ ਨਿਭਾਈ ਜਾ ਤੂੰ ।
'ਸਾਹਿਬ ਦੇਵਾਂ' ਦੇ 'ਪਾਂਧੀ' ਸਪੁੱਤਰਾ ਉਏ,
ਝੱਖੜ ਚੀਰ ਕੇ ਕਦਮ ਵਧਾਈ ਜਾ ਤੂੰ ।
ਪਾਂਧੀ ਨਨਕਾਣਵੀ

ਮੇਰਾ ਜੁਝਾਰੂ ਸਫ਼ਰ

ਨਾਮ: ਨਛੱਤਰ ਸਿੰਘ ਬਰਾੜ ਰੋਡੇ
ਪਿਤਾ ਦਾ ਨਾਂ: ਸ੍ਰ. ਮੇਹਰ ਸਿੰਘ
ਪਿੰਡ ਤੇ ਡਾਕ: ਰੋਡੇ,
ਤਹਿ ਤੇ ਜ਼ਿਲ੍ਹਾ-ਮੋਗਾ,
ਥਾਣਾ: ਬਾਘਾ ਪੁਰਾਣਾ।
ਜਨਮ ਮਿਤੀ: 15-5-53,
ਪੜ੍ਹਾਈ: ਮੈਟਰਿਕ, ਹੁਣ ਗਿਆਨੀ ਪਾਸ।
6 ਭਰਾ, ਬਾਕੀ ਪੰਜ ਵੱਡੇ ਹਨ। ਮੈਂ ਹੀ ਸਭ ਤੋਂ ਛੋਟਾ ਹਾਂ। ਬਾਕੀ ਸਭ ਬਾਲ ਬੱਚੇਦਾਰ ਹਨ, ਪਰ ਮੈਂ ਵਿਆਹ ਨਹੀਂ ਕਰਾਇਆ।

1968 ਵਿੱਚ ਮੈਟਰਿਕ ਪਾਸ ਕੀਤੀ ਤੇ ਅੱਗੇ ਪੜ੍ਹਨ ਨੂੰ ਦਿਲ ਨਹੀਂ ਕੀਤਾ ਤੇ ਮਾਮਾ ਜੀ ਕੋਲ ਕਲਕੱਤੇ ਚਲਾ ਗਿਆ। ਓਥੇ ਉਹਨਾਂ ਦਾ ਟਰੱਕਾਂ ਦਾ ਕਾਰੋਬਾਰ ਸੀ। ਮੈਂ ਛੇਤੀ ਹੀ ਸਭ ਟਰੱਕਾਂ ਨੂੰ ਚਲਾਉਣਾ ਅਤੇ ਸਭ ਹੋਰ ਕਾਰੋਬਾਰ ਸਿੱਖ ਲਿਆ ਤੇ ਪੂਰੇ ਭਾਰਤ ਵਿੱਚ ਬੰਬਈ, ਮਦਰਾਸ, ਅਸਾਮ, ਉੜੀਸਾ, ਕਰਨਾਟਕ, ਗੋਆ ਵਗੈਰਾ ਸਭ ਥਾਂ ਤੇ ਟਰੱਕਾਂ ਰਾਹੀਂ ਤੁਰ ਫਿਰ ਕੇ ਜਾਣੂ ਹੋ ਗਿਆ। ਕਾਫ਼ੀ ਹੋਰ ਮਸਲੇ ਤੇ ਜਾਣਕਾਰੀ ਵਿੱਚ ਵਾਧਾ ਹੋਇਆ ਤੇ ਮਾਮਾ ਜੀ ਨੇ ਕਾਫ਼ੀ ਕਾਰੋਬਾਰ ਮੇਰੇ ਉੱਪਰ ਹੀ ਨਿਰਭਰ ਕਰ ਦਿੱਤਾ। 1969 ਤੋਂ ਲੈ ਕੇ ਮੈਂ ਲਗਾਤਾਰ ਜਨਵਰੀ 1971 ਤਕ ਟਰੱਕਾਂ ਤੇ ਹੀ ਰਿਹਾ, ਵਾਪਸ ਪਿੰਡ ਨਹੀਂ ਆਇਆ। ਉਧਰ ਹੀ ਬਾਅਦ ਵਿੱਚ ਟਰੱਕਾਂ ਦਾ ਹੈੱਡ ਆਫ਼ਿਸ ਜੈਪੁਰ ਬਦਲ ਦਿੱਤਾ ਤੇ ਫਿਰ ਜੈਪੁਰ ਰਹਿਣ ਲੱਗਾ। ਜਨਵਰੀ 1971 ਤਕ ਬਹੁਤ ਦੇਸ਼ ਘੁੰਮ ਕੇ ਵੇਖਿਆ।

1968 ਤੋਂ ਭਾਰਤ ਵਿੱਚ ਨਕਸਲਾਈਟ ਲਹਿਰ ਚੱਲ ਰਹੀ ਸੀ, ਜੋ ਬੰਗਾਲ ਕਲਕੱਤੇ ਤੋਂ ਸ਼ੁਰੂ ਹੋਈ ਸੀ, ਜਿਸ ਦਾ ਮਕਸਦ ਹਥਿਆਰਾਂ ਰਾਹੀਂ ਇਨਕਲਾਬ ਲਿਆਉਣਾ, ਸਰਮਾਏਦਾਰੀ ਖ਼ਤਮ ਕਰਨਾ, ਗ਼ਰੀਬਾਂ ਨੂੰ ਸਭ ਦੇ ਬਰਾਬਰ ਕਰਨਾ, ਅਮੀਰੀ ਗ਼ਰੀਬੀ ਦਾ ਪਾੜਾ ਖ਼ਤਮ ਕਰਨਾ, ਅੰਗਰੇਜ਼ ਵੇਲ਼ੇ ਦੇ ਗ਼ੱਦਾਰ ਜ਼ੈਲਦਾਰ ਟਾਊਟ ਸਫ਼ੈਦਪੋਸ਼ ਖ਼ਤਮ ਕਰਨੇ ਤੇ ਹਿੰਦੁਸਤਾਨ ਦੇ ਸਭ ਲੋਕਾਂ ਨੂੰ ਬਰਾਬਰ ਦੇ ਹੱਕ ਦੁਆਉਣੇ। ਜਿਨ੍ਹਾਂ ਗ਼ੱਦਾਰਾਂ ਨੇ ਅੰਗਰੇਜ਼ ਸਮੇਂ ਦੇ ਦੇਸ਼ ਭਗਤਾਂ ਉੱਪਰ ਗਵਾਹੀਆਂ ਦਿੱਤੀਆਂ ਸਨ, ਉਹਨਾਂ ਨੂੰ ਖ਼ਤਮ ਕਰਨਾ। ਇਹ ਲਹਿਰ ਬਹੁਤ ਤੇਜ਼ੀ ਨਾਲ਼ ਅਸਾਮ, ਬੰਗਾਲ, ਬਿਹਾਰ, ਯੂ.ਪੀ. ਤੇ ਪੰਜਾਬ ਵਿੱਚ ਫੈਲ ਗਈ ਤੇ ਗ਼ੱਦਾਰ, ਟਾਊਟ, ਜ਼ੈਲਦਾਰ ਸਰਕਾਰੀ ਵੱਡੇ ਪੁਲੀਸ ਦੇ ਅਫ਼ਸਰ ਖ਼ਤਮ ਹੋਣ ਲੱਗੇ। ਇਸ ਲਹਿਰ ਵਿੱਚ ਸਭ ਪੜ੍ਹੇ ਲਿਖੇ ਨੌਜਵਾਨ ਹੀ ਹਿੱਸਾ ਲੈ ਰਹੇ ਸਨ। ਬਹੁਤ ਹੀ ਸਹੀ ਤਰੀਕੇ ਨਾਲ਼ ਲਹਿਰ ਜ਼ੋਰ ਫੜ ਗਈ ਤੇ ਓਵਰਸੀਅਰ ਗ਼ੱਦਾਰ ਇੰਜੀਨੀਅਰ ਤੇ ਐਸ.ਡੀ.ਓ. ਵਗੈਰਾ ਕਾਲਜਾਂ ਵਿੱਚੋਂ ਭਗੌੜੇ ਹੋ ਗਏ ਤੇ ਹਿੰਦੁਸਤਾਨ ਵਿੱਚ ਪੂਰਾ ਰੌਲ਼ਾ ਪੈ ਗਿਆ। ਇਹ ਲਹਿਰ ਬੱਬਰ ਅਕਾਲੀ ਲਹਿਰ ਜੋ ਅੰਗਰੇਜ਼ ਵੇਲ਼ੇ ਸ਼ੁਰੂ ਹੋਈ ਸੀ, ਉਸ ਦਾ ਹੀ ਰੂਪ ਸੀ ਤੇ ਉਸ ਵਕਤ ਜਨਤਾ ਅੰਦਰ ਇਸ ਲਹਿਰ ਦਾ ਬੜਾ ਜੋਸ਼ ਸੀ। ਪਰ ਉਸ ਵਕਤ ਹਥਿਆਰ ਕੋਈ ਖ਼ਾਸ ਨਹੀਂ ਸੀ। ਸਿਰਫ਼ 12 ਬੋਰ, 315 ਬੋਰ ਹੀ ਹਥਿਆਰ ਸਨ ਜਾਂ ਕਿਤੇ ਕਿਤੇ ਸਟੇਨਗੰਨ ਸੀ, ਰਿਵਾਲਵਰ ਵੀ ਘੱਟ ਹੀ ਸਨ।

ਮੇਰੇ ਨਾਲ਼ ਪੜ੍ਹਦੇ ਕਾਫ਼ੀ ਨੌਜਵਾਨ ਇਸ ਲਹਿਰ ਵਿੱਚ ਹਿੱਸਾ ਲੈਣ ਲੱਗੇ। ਸਾਡੇ ਪਿੰਡ ਕਾਲਜ ਹੋਣ ਕਾਰਨ ਇੱਧਰ ਪਿੰਡ ਬਹੁਤ ਅਸਰ ਸੀ ਲਹਿਰ ਦਾ। ਮੇਰੇ ਚਾਚੇ ਦਾ ਲੜਕਾ ਜੋ ਕਾਲਜ ਪੜ੍ਹਦਾ ਸੀ, ਇਸ ਲਹਿਰ 'ਚ ਪੂਰਾ ਹਿੱਸਾ ਲੈ ਰਿਹਾ ਸੀ। ਮੇਰੇ ਨਾਲ ਦੋ ਸਟੂਡੈਂਟ ਵੀ ਜੋ ਭਗੌੜੇ ਹੋ ਗਏ ਸਨ, ਸਟੂਡੈਂਟ ਯੂਨੀਅਨ ਉਹਨਾਂ ਬਣਾ ਲਈ ਸੀ। ਮੈਨੂੰ ਮੇਰੇ ਨਾਲ਼ ਪੜ੍ਹਦੇ ਦੋਸਤਾਂ ਮਿੱਤਰਾਂ ਨੇ

ਚਿੱਠੀਆਂ ਪਾ ਕੇ ਵਾਪਸ ਪਿੰਡ ਮਿਲਣ ਲਈ ਕਿਹਾ। ਮੈਂ 1969 ਦਾ ਗਿਆ ਪਿੰਡ ਵਾਪਸ ਨਹੀਂ ਸੀ ਆਇਆ। ਮੇਰੇ ਚਾਚਾ ਜੀ ਪਹਿਲਾਂ ਲਾਲ ਪਾਰਟੀ ਵਿੱਚ ਹਿੱਸਾ ਲੈਂਦੇ ਸਨ, ਜੋ ਗ਼ਰਮ ਕਮਿਊਨਿਸਟਾਂ ਦੀ ਪਾਰਟੀ ਸੀ। ਉਹਨਾਂ ਦੇ ਕੋਲ ਸਾਡੇ ਘਰ ਸ੍ਰ. ਤੇਜਾ ਸਿੰਘ ਸੁਤੰਤਰ ਆਉਂਦਾ ਹੁੰਦਾ ਸੀ, ਜੋ ਕਿ ਭਗੌੜਾ ਸੀ। ਉਹ 1940 ਤੋਂ 1960 ਤਕ ਭਗੌੜਾ ਰਿਹਾ ਸੀ ਤੇ 1967 ਵਿੱਚ ਐਮ.ਪੀ. ਵੀ ਬਣ ਗਿਆ ਸੀ। ਉਸ ਦੀ ਉਮਰ 70 ਸਾਲ ਸੀ। ਉਹ ਸਾਰੇ ਸੰਸਾਰ ਵਿੱਚ ਘੁੰਮਿਆ ਹੋਇਆ ਸੀ। ਉਸ ਦੀਆਂ ਕਾਫ਼ੀ ਗੱਲਾਂ ਮੈਂ ਪੜ੍ਹਦੇ ਨੇ ਸੁਣੀਆਂ ਸਨ। ਜਸਵੰਤ ਸਿੰਘ ਕੰਵਲ ਦੇ ਵਧੀਆ ਨਾਵਲ ਵੀ ਪੜ੍ਹੇ ਸਨ, ਜੋ ਕਿ ਇਨਕਲਾਬੀ ਹੀ ਸਨ। ਸਾਰੇ ਹੀ ਸਰਮਾਏਦਾਰੀ ਦੇ ਵਿਰੁੱਧ ਸਨ ਤੇ ਮਜ਼ਲੂਮ ਗ਼ਰੀਬ ਜਨਤਾ ਦੇ ਹੱਕ ਵਿੱਚ ਲਿਖੇ ਸਨ। ਇਹਨਾਂ ਸਭ ਗੱਲਾਂ ਕਾਰਨ ਮੇਰੇ ਮਨ ਵਿੱਚ ਪੜ੍ਹਦੇ ਸਮੇਂ ਹੀ ਕੁਝ ਨਾ ਕੁਝ ਲੋਕਾਂ ਲਈ ਕਰਨ ਦੀ ਇੱਛਾ ਸੀ ਕਿ ਕੋਈ ਪਾਰਟੀ ਬਣੇ ਤੇ ਮੈਂ ਵੀ ਹਿੱਸਾ ਪਾਵਾਂ। ਮੈਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਸ੍ਰ. ਊਧਮ ਸਿੰਘ ਸੁਨਾਮ ਦੀਆਂ ਜੀਵਨੀਆਂ ਵੀ ਪੜ੍ਹੀਆਂ ਸਨ। ਇਹਨਾਂ ਦਾ ਮੇਰੇ ਉੱਪਰ ਬਹੁਤ ਅਸਰ ਸੀ।

ਨਕਸਲੀ ਲਹਿਰ ਵਿੱਚ

ਸੋ ਦੋਸਤਾਂ ਦੇ ਕਹਿਣ ਤੇ ਚਿੱਠੀਆਂ ਪਾਉਣ ਤੇ ਮੈਂ 2 ਜਨਵਰੀ 1971 ਨੂੰ ਪਿੰਡ ਆ ਗਿਆ। ਇਸੇ ਦਿਨ ਹੀ ਸਾਡੇ ਪਿੰਡ ਕਾਫ਼ੀ ਮਸ਼ਹੂਰ ਭਗੌੜੇ ਨੈਕਸਲਾਈਟ ਆਏ ਹੋਏ ਸਨ ਜੋ ਕਿ ਮੀਟਿੰਗ ਕਰ ਰਹੇ ਸਨ ਕਿਸੇ ਦੇ ਚੁਬਾਰੇ ਵਿੱਚ। ਦੋਸਤ ਮੈਨੂੰ ਵੀ ਓਥੇ ਲੈ ਗਏ ਤੇ ਮੇਰੇ ਬਾਰੇ ਵਿੱਚ ਉਹਨਾਂ ਨੇ ਸਭ ਨੂੰ ਦੱਸਿਆ ਕਿ ਇਹ ਕਲਕੱਤੇ ਵੱਲ ਰਹਿ ਕੇ ਆਇਆ ਹੈ, ਜਿੱਧਰ ਲਹਿਰ ਸ਼ੁਰੂ ਹੋਈ ਸੀ। ਮੇਰੀ ਜਾਣ ਪਛਾਣ ਪਹਿਲੇ ਦਿਨ ਹੀ ਪੰਜਾਬ ਦੇ ਪ੍ਰਧਾਨ ਕਮਾਂਡਰ ਨਾਲ ਹੋ ਗਈ ਜੋ ਮੀਟਿੰਗ ਕਰਨ ਆਏ ਸਨ। ਉਸ ਵਕਤ ਸਾਡਾ ਜ਼ਿਲ੍ਹਾ ਫ਼ਿਰੋਜ਼ਪੁਰ ਹੁੰਦਾ ਸੀ ਤੇ ਮੋਗਾ, ਫ਼ਰੀਦਕੋਟ, ਮੁਕਤਸਰ ਸਾਹਿਬ ਸਭ ਸ਼ਹਿਰ 1972 ਤਕ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਹੀ ਸਨ। ਮੈਨੂੰ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਇੰਚਾਰਜ ਬਣਾ ਦਿੱਤਾ ਗਿਆ। ਉਸ ਵਕਤ ਮੇਰੀ ਉਮਰ 20 ਸਾਲ ਦੇ ਕਰੀਬ ਹੋ ਰਹੀ ਸੀ ਤੇ ਚੁਸਤ ਫੁਰਤ ਸਰੀਰ ਸੀ। ਉਸ ਵਕਤ ਪੈਦਲ ਜਾਂ ਸਾਈਕਲ ਉੱਪਰ ਹੀ ਕੰਮ ਹੁੰਦੇ ਸਨ, ਸੜਕਾਂ ਬਹੁਤ ਘੱਟ ਸਨ। ਮੈਂ ਤਿੰਨ ਦੋਸਤਾਂ ਦਾ ਗਰੁੱਪ ਬਣਾ ਲਿਆ ਗੁਪਤ ਜਥਾ ਤੇ ਹਥਿਆਰ ਸਾਨੂੰ ਦੋ ਬਾਰਾਂ ਬੋਰ ਪਿਸਤੌਲ ਤੇ ਇੱਕ 5 ਗੋਲੀ ਦਾ ਰਿਵਾਲਵਰ ਮਿਲ ਗਿਆ। ਇਹ ਪਾਰਟੀ ਵੱਲੋਂ ਮਿਲੇ ਸਨ ਤੇ ਉਸ ਵਕਤ ਜੋ ਹੁਣ ਪੰਜਾਬੀ ਟ੍ਰਿਬਿਊਨ ਦਾ ਐਡੀਟਰ ਹੈ ਹਰਭਜਨ ਸਿੰਘ ਹਲਵਾਰਵੀ (ਹੁਣ ਸਵਰਗੀ), ਇਹ ਸਾਡੇ ਘਰ ਆਮ ਹੀ ਆਉਂਦਾ ਸੀ। ਇਹ ਵੀ ਭਗੌੜਾ ਸੀ ਕਤਲਾਂ ਵਿੱਚ, ਲੁਧਿਆਣੇ ਇਸ ਨੇ ਥਾਣੇਦਾਰ ਮਾਰ ਦਿੱਤਾ ਸੀ। ਇਸ ਕੋਲ ਹੀ ਸਾਡੀ ਜ਼ੁੰਮੇਵਾਰੀ ਸੀ।

ਸਾਡੇ ਹਲਕੇ ਮੋਗੇ ਵਿੱਚ ਪਿੰਡ ਕੋਕਰੀ ਕਲਾਂ ਵਿਖੇ ਅਜੈਬ ਸਿੰਘ ਜ਼ੈਲਦਾਰ ਰਹਿੰਦਾ ਸੀ। ਇਸ ਕੋਲ 500 ਕਿੱਲੇ ਜ਼ਮੀਨ ਸੀ। 200 ਕਿੱਲੇ ਜ਼ਮੀਨ ਇਸ ਨੂੰ ਅੰਗਰੇਜ਼ ਸਰਕਾਰ ਨੇ ਸ਼ਹੀਦ ਭਗਤ ਸਿੰਘ ਤੇ ਗਵਾਹੀ ਦੇਣ ਬਦਲੇ ਦਿੱਤੀ ਸੀ। ਇਹ ਮੌਕੇ ਦਾ ਗਵਾਹ ਸੀ ਜਦੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਲਾਹੌਰ ਵਿੱਚ ਅੰਗਰੇਜ਼ ਪੁਲੀਸ ਐਸ.ਪੀ. ਸਾਂਡਰਸ ਨੂੰ ਮਾਰਿਆ ਸੀ। 1930 ਵਿੱਚ ਇਸ ਨੇ ਠੋਕ ਕੇ ਗਵਾਹੀ ਦਿੱਤੀ ਸੀ ਤੇ ਇਸ ਦੀ ਗਵਾਹੀ ਕਾਰਨ ਹੀ ਉਹ ਤਿੰਨੇ ਫਾਂਸੀ ਲੱਗੇ ਸਨ। ਅਸੀਂ ਇਸ ਨੂੰ ਮਾਰਨ ਦਾ ਪ੍ਰੋਗਰਾਮ ਬਣਾ ਲਿਆ ਤੇ ਇਸ ਦੀ ਸਭ ਤਰ੍ਹਾਂ ਦੀ ਸੀ.ਆਈ.ਡੀ. ਕਰਨ ਲੱਗੇ। ਪਰ ਇਹ ਮੋਗੇ ਬਲਾਕ ਦਾ ਚੇਅਰਮੈਨ ਵੀ ਸੀ ਤੇ ਮਹਿਣੋਂ ਥਾਣੇ ਵਿੱਚ ਇਸ ਦਾ ਪਿੰਡ ਕੋਕਰੀ ਕਲਾਂ ਹੈ ਢੁਡੀਕੇ ਪਿੰਡ ਦੇ ਨਾਲ ਹੀ। ਇਸ ਦੇ ਦੋ ਮੁੰਡੇ ਉਸ ਵਕਤ ਪੁਲੀਸ ਵਿੱਚ ਸਨ, ਇੱਕ ਡੀ.ਐਸ.ਪੀ. ਤੇ ਇੱਕ ਇੰਸਪੈਕਟਰ ਸੀ। ਅਜੈਬ ਸਿੰਘ ਕੋਲ ਇੱਕ 455 ਬੋਰ ਦਾ ਰਿਵਾਲਵਰ ਸੀ ਜੋ ਅੰਗਰੇਜ਼ ਸਰਕਾਰ ਨੇ ਹੀ ਦਿੱਤਾ ਸੀ ਗਵਾਹੀ ਦੇਣ ਦੇ ਇਨਾਮ ਵਿੱਚ। ਅਜੈਬ ਸਿੰਘ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਤੇ ਪੂਰੇ ਪੰਜਾਬ ਵਿੱਚ ਮਸ਼ਹੂਰ ਜ਼ੈਲਦਾਰ ਸੀ। ਸਭ ਨੂੰ ਪਤਾ ਸੀ ਕਿ

ਇਸ ਨੇ ਭਗਤ ਸਿੰਘ ਹੋਰਾਂ ਤੇ ਗਵਾਹੀ ਦਿੱਤੀ ਹੈ। ਕਿਉਂਕਿ ਅਜੈਬ ਸਿੰਘ ਸ਼ਹੀਦ ਭਗਤ ਸਿੰਘ ਹੋਰਾਂ ਨਾਲ਼ ਹੀ ਨੈਸ਼ਨਲ ਕਾਲਜ ਲਾਹੌਰ ਵਿੱਚ ਇੱਕੋ ਕਲਾਸ ਵਿੱਚ ਪੜ੍ਹਦੇ ਸਨ। ਜਦ ਐਸ.ਪੀ. ਸਾਂਡਰਸ ਨੂੰ ਭਗਤ ਸਿੰਘ ਹੋਰਾਂ ਨੇ ਮਾਰਿਆ ਸੀ, ਕਾਲਜ ਦੇ ਗੇਟ ਮੂਹਰੇ ਤਾਂ ਅਜੈਬ ਸਿੰਘ ਕੁਦਰਤੀ ਹੀ ਬਾਹਰ ਗੇਟ ਕੋਲ਼ ਲੰਘਦਾ ਹੋਇਆ ਆ ਗਿਆ ਸੀ, ਤੇ ਮੌਕੇ ਦਾ ਗਵਾਹ ਬਣ ਗਿਆ ਸੀ।

ਅਸੀਂ ਅਜੈਬ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਪਾਰਟੀ ਨੇ ਮੇਰੀ ਡਿਊਟੀ ਲਾ ਦਿੱਤੀ ਸੀ ਕਿ 26 ਜਨਵਰੀ 1971 ਤੋਂ ਪਹਿਲਾਂ ਪਹਿਲਾਂ ਇਸ ਨੂੰ ਜ਼ਰੂਰ ਮਾਰਨਾ ਹੈ। 26 ਜਨਵਰੀ ਦਾ ਦਿਨ ਕਾਲ਼ਾ ਮਨਾਉਣਾ ਹੈ।

ਸ਼ਹੀਦ ਭਗਤ ਸਿੰਘ

ਜ਼ੈਲਦਾਰ ਦਾ ਕਤਲ 25/1/1971

ਇਸ ਐਕਸ਼ਨ ਲਈ ਸਾਡੇ ਕੋਲ਼ ਸਮਾਂ ਬੜਾ ਘੱਟ ਸੀ। ਪਿੰਡ ਆਏ ਨੂੰ ਮੈਨੂੰ 15-16 ਦਿਨ ਹੋਏ ਸਨ ਤੇ ਘਰਦਿਆਂ ਨੇ ਸਮਝ ਲਿਆ ਕਿ ਇਹ ਕੋਈ ਕੰਮ ਖ਼ਰਾਬ ਕਰੇਗਾ ਤੇ ਘਰ ਉਜਾੜੇਗਾ, ਕਿਉਂਕਿ ਹੋਰ ਦੋਸਤ ਮਿੱਤਰ ਵੀ ਘਰ ਆਉਣ ਲੱਗ ਪਏ ਸਨ। ਸੋ ਜ਼ਬਰਦਸਤੀ ਹੀ ਰਿਸ਼ਤੇਦਾਰ ਵਿੱਚ ਪਾ ਕੇ ਤੇ ਧੱਕੇ ਨਾਲ਼ ਹੀ ਮੇਰਾ ਰਿਸ਼ਤਾ ਗਵਾਂਢੀ ਪਿੰਡ ਵੈਰੋਕੇ ਕਰ ਦਿੱਤਾ। ਮੈਂ ਬੜਾ ਜ਼ੋਰ ਲਾਇਆ ਕਿ ਮੈਂ ਅਜੇ ਨਹੀਂ ਵਿਆਹ ਕਰਾਉਣਾ, ਮੈਂ ਜੈਪੁਰ ਵਾਪਸ ਜਾਣਾ ਹੈ ਤੇ ਦੁਬਾਰਾ ਵਾਪਸ ਆ ਕੇ ਕਰਾਵਾਂਗਾ, ਪਰ ਸਭ ਸਕੇ ਸੰਬੰਧੀਆਂ ਨੇ ਮੰਗਣੀ ਦਾ ਦਿਨ 27 ਜਨਵਰੀ ਰੱਖ ਦਿੱਤਾ। ਓਧਰ ਮੈਂ ਪੂਰੀ ਤਿਆਰੀ ਵਿੱਚ ਸੀ ਅਜੈਬ ਸਿੰਘ ਨੂੰ ਮਾਰਨ ਲਈ। 25 ਜਨਵਰੀ ਨੂੰ ਸਾਨੂੰ ਸੀ.ਆਈ.ਡੀ. ਮਿਲ ਗਈ ਕਿ ਅਜੈਬ ਸਿੰਘ ਮੋਗੇ ਤੋਂ ਸ਼ਾਮ ਨੂੰ ਬੱਸ ਰਾਹੀਂ ਪਿੰਡ ਜਾ ਰਿਹਾ ਹੈ ਤੇ 26 ਨੂੰ ਵਾਪਸ ਆ ਕੇ ਮੋਗੇ ਝੰਡਾ ਝੁਲਾਏਗਾ ਬਲਾਕ ਵਿੱਚ। ਅਸੀਂ 25 ਤਰੀਕ ਨੂੰ 2 ਵਜੇ ਮੋਗੇ ਪਹੁੰਚ ਗਏ, ਮੈਂ ਤੇ ਬਲਵੰਤ ਸਿੰਘ ਰਾਜੋਆਣਾ ਜੋ ਮੇਰੇ ਨਾਲ਼ ਹੀ ਪੜ੍ਹਦਾ ਰਿਹਾ ਸੀ। (ਇਹ ਸ੍ਰ. ਬਲਵੰਤ ਸਿੰਘ ਰਾਜੋਆਣਾ ਨਕਸਲੀ ਲਹਿਰ ਵੇਲੇ ਹੋਇਆ ਹੈ, ਜਿਸ ਦਾ ਪੁਲੀਸ ਨੇ ਝੂਠਾ ਮੁਕਾਬਲਾ ਬਣਾ ਦਿੱਤਾ ਸੀ।)

ਸਾਡੇ ਕੋਲ਼ ਦੋ ਪਿਸਤੌਲ ਸਨ ਤੇ ਨਾਲ਼ ਹੀ ਦੋ ਵੱਡੇ ਛੁਰੇ ਸਨ ਕਿ ਜੇ ਫ਼ਾਇਰ ਮਿਸ ਹੋ ਗਿਆ ਤਾਂ ਛੁਰਿਆਂ ਨਾਲ਼ ਖ਼ਤਮ ਕਰ ਦਿਆਂਗੇ। ਨਾਲ਼ ਹੀ ਉਸ ਦਾ ਰਿਵਾਲਵਰ ਵੀ ਖੋਹਣਾ ਸੀ। ਅਜੈਬ ਸਿੰਘ ਬੱਸ ਵਿੱਚ ਬੈਠ ਕੇ ਚੱਲ ਪਿਆ ਤੇ ਅਸੀਂ ਵੀ ਮਗਰ ਹੀ ਉਸ ਬੱਸ ਵਿੱਚ ਬੈਠ ਗਏ। 12 ਕਿਲੋਮੀਟਰ ਤੇ ਲੁਧਿਆਣਾ ਰੋਡ ਤੇ ਇਸ ਦੇ ਪਿੰਡ ਦਾ ਅੱਡਾ ਆਉਂਦਾ ਸੀ। ਸ਼ਾਮ ਦੇ 5 ਵੱਜ ਗਏ ਸਨ। ਇਹ ਉੱਤਰ ਗਿਆ ਤੇ ਅਸੀਂ ਵੀ ਮਗਰ ਹੀ ਉੱਤਰ ਗਏ। ਨਾਲ਼ ਹੋਰ ਵੀ ਸਵਾਰੀਆਂ ਸਨ ਤੇ ਸਭ ਤਾਂਗੇ ਵਿੱਚ ਬੈਠ ਗਏ।

ਅਸੀਂ ਪੈਦਲ ਹੀ ਸੀ, ਸੋ ਇਹ ਸਾਡੇ ਕੋਲੋਂ 5-6 ਕਿੱਲੇ ਮੂਹਰੇ ਨਿਕਲ਼ ਗਏ। ਅਸੀਂ ਓਥੇ ਇੱਕ 10-12 ਸਾਲ ਦੇ ਬੱਚੇ ਤੋਂ ਸਾਈਕਲ ਲੈ ਲਿਆ ਤੇ ਮਗਰ ਲੱਗ ਗਏ। ਮੌਕਾ ਵੇਖ ਕੇ ਅਸੀਂ ਪਿੰਡ ਜਿੱਤਵਾਲ਼ ਅਜੀਤਵਾਲ਼ ਦੀ ਫਿਰਨੀ ਤੇ ਆਮ ਘਰਾਂ ਦੇ ਨਾਲ਼ ਹੀ ਤਾਂਗੇ ਤੇ ਬੈਠੇ ਹੋਏ ਜ਼ੈਲਦਾਰ ਦੇ ਦੋ ਗੋਲ਼ੀਆਂ ਮਾਰ ਦਿੱਤੀਆਂ ਬਰਾਬਰ ਸਾਈਕਲ ਲਾ ਕੇ। ਗੋਲ਼ੀਆਂ ਵੱਜਣ ਨਾਲ਼ ਇਹ ਥੱਲੇ ਡਿੱਗ ਪਿਆ ਤੇ ਤਾਂਗੇ ਵਾਲ਼ਾ ਤਾਂਗਾ ਭਜਾ ਕੇ ਲੈ ਗਿਆ। ਅਸੀਂ ਇਸ ਦੇ ਦੋ ਗੋਲ਼ੀਆਂ ਹੋਰ ਮਾਰੀਆਂ ਤੇ ਛੁਰੇ ਨਾਲ਼ ਕੱਪੜੇ ਕੱਟ, ਜਰਸੀ ਵੱਢ ਕੇ ਰਿਵਾਲਵਰ ਲਾਹ ਲਿਆ।

ਜ਼ੈਲਦਾਰ ਦੇ ਖ਼ਤਮ ਹੋ ਜਾਣ ਦੀ ਤਸੱਲੀ ਕਰ ਕੇ ਅਸੀਂ ਭੱਜ ਪਏ। ਲੋਕਾਂ ਨੇ ਕਾਫ਼ੀ ਰੌਲ਼ਾ ਪਾਇਆ। ਕਈ ਲੋਕ ਪਿੱਛੇ ਵੀ ਲੱਗ ਗਏ ਸਨ, ਕਿਉਂਕਿ ਇੱਧਰ ਅਜੇ ਤਕ ਕੋਈ ਗ਼ੱਦਾਰ

ਨਕਸਲਾਈਟਾਂ ਨੇ ਨਹੀਂ ਸੀ ਮਾਰਿਆ। ਵੈਸੇ ਪੰਜਾਬ ਵਿੱਚ ਕਾਫ਼ੀ ਐਕਸ਼ਨ ਹੋ ਗਏ ਸਨ ਤੇ ਕਈ ਪੁਲੀਸ ਅਫ਼ਸਰ ਤੇ ਗ਼ੱਦਾਰ ਮਾਰ ਦਿੱਤੇ ਸਨ, ਪਰ ਇੱਧਰ ਇਸ ਇਲਾਕੇ 'ਚ ਅਜੇ ਤਕ ਕੁਝ ਨਹੀਂ ਸੀ ਹੋਇਆ। ਜਦੋਂ ਸਾਡਾ ਪਿੱਛਾ ਕਰ ਰਹੇ ਲੋਕ ਸਾਡੇ ਨੇੜੇ ਆਉਣ ਲੱਗੇ ਤਾਂ ਅਸੀਂ ਜਦੋਂ ਨਾਹਰੇ ਮਾਰੇ ਦੱਸਿਆ ਕਿ ਇਸ ਗ਼ੱਦਾਰ ਨੇ ਭਗਤ ਸਿੰਘ ਹੋਰਾਂ ਤੇ ਗਵਾਹੀ ਦਿੱਤੀ ਸੀ ਤੇ ਅੱਜ ਪੂਰੇ 40 ਸਾਲ ਬਾਅਦ ਗਵਾਹੀ ਦਾ ਬਦਲਾ ਲਿਆ ਹੈ ਤਾਂ ਲੋਕ ਡਰ ਗਏ ਤੇ ਪਿੱਛੇ ਹਟ ਗਏ।

ਅਸੀਂ ਸਾਰੀ ਰਾਤ ਤੁਰ ਕੇ ਹੀ ਆਪੋ ਆਪਣੇ ਪਿੰਡ ਚਲੇ ਗਏ ਤੇ ਘਰਦਿਆਂ ਨੂੰ ਜਾਂ ਹੋਰ ਕਿਸੇ ਨੂੰ ਵੀ ਸਾਡੇ ਬਾਰੇ ਜਾਣਕਾਰੀ ਨਹੀਂ ਸੀ। ਅਗਲੇ ਦਿਨ ਪੰਜਾਬ ਦੇ ਸਭ ਅਖ਼ਬਾਰ ਇਸ ਕਤਲ ਦੀ ਰਿਪੋਰਟ ਨਾਲ਼ ਭਰੇ ਪਏ ਸਨ ਕਿ ਦੋ ਨੌਜਵਾਨ ਪੈਂਟਾਂ ਵਾਲ਼ੇ ਤੇ ਫਲੀਟ ਪਾਏ ਹੋਏ ਸਨ ਤੇ ਸਿਰ ਤੇ ਮਫ਼ਲਰ ਬੱਧੇ ਸਨ, ਜੈਲਦਾਰ ਨੂੰ ਗੋਲੀਆਂ ਨਾਲ ਮਾਰ ਗਏ। ਪੂਰਾ ਰੌਲ਼ਾ ਪੈ ਗਿਆ। ਸਾਰੇ ਪੰਜਾਬ ਵਿੱਚ ਭਾਜੜ ਪੈ ਗਈ ਕਿਉਂਕਿ ਇਹ ਕਤਲ ਸਰਕਾਰ ਲਈ ਬਹੁਤ ਭਾਰੀ ਸੀ। ਉਸ ਵੇਲ਼ੇ ਪੰਜਾਬ ਵਿੱਚ ਬਾਦਲ ਦੀ ਸਰਕਾਰ ਸੀ ਤੇ ਪੰਜਾਬ ਵਿੱਚ ਪੁਲੀਸ ਮੁਕਾਬਲੇ ਹੋ ਰਹੇ ਸਨ, ਜਿਸ ਤਰ੍ਹਾਂ ਹੁਣ ਹੋਏ ਹਨ, ਤਕਰੀਬਨ 100 ਨੌਜਵਾਨ ਪੁਲੀਸ ਨੇ ਮਾਰ ਦਿੱਤਾ ਸੀ।

ਇਸ ਕਤਲ ਦਾ ਸੁਰਾਗ ਲਾਉਣ ਲਈ ਪੁਲੀਸ ਵੱਲੋਂ ਲੋਕਾਂ ਤੇ ਬਹੁਤ ਕੁੱਟਮਾਰ ਹੋਈ। ਅਖ਼ੀਰ ਇੱਕ ਦਿਨ ਉਹ ਨੌਜਵਾਨ ਫੜ ਲਿਆ ਜਿੱਥੇ ਮੋਗੇ ਅਸੀਂ ਰੁਕਦੇ ਸੀ। ਉਸ ਨੇ ਸਾਡੇ ਬਾਰੇ ਕੁੱਟਮਾਰ ਨਾ ਸਹਾਰਦੇ ਹੋਏ ਸਭ ਦੱਸ ਦਿੱਤਾ। ਇਸ ਸਮੇਂ ਦੌਰਾਨ ਹੀ 26 ਜਨਵਰੀ 1971 ਨੂੰ ਮੇਰੇ ਵੱਡੇ ਭਰਾ ਦੇ ਲੜਕਾ ਹੋਇਆ ਸੀ ਤੇ ਇੱਕ ਦਿਨ ਬਾਅਦ ਸਵਰਗਵਾਸ ਹੋ ਗਿਆ ਸੀ, ਸੋ ਮੰਗਣਾ ਲੇਟ ਕਰ ਦਿੱਤਾ ਸੀ ਤੇ ਬਾਅਦ ਵਿੱਚ ਫਿਰ ਪੁਲੀਸ ਦੇ ਚੱਕਰਾਂ ਕਾਰਨ ਮੈਂ ਰਿਸ਼ਤਾ ਮਨ੍ਹਾ ਹੀ ਕਰ ਦਿੱਤਾ ਸੀ, ਘਰ ਦੇ ਵੀ ਡਰ ਗਏ ਸਨ।

ਸੋ 25 ਜਨਵਰੀ 1971 ਨੂੰ ਖ਼ਤਮ ਕੀਤਾ ਸੀ ਅਜੈਬ ਸਿੰਘ ਨੂੰ, ਤੇ 4 ਮਾਰਚ ਨੂੰ ਸਾਡੇ ਵਰੰਟ ਨਿਕਲ਼ ਗਏ। ਘਰ ਅਸੀਂ ਰਹਿੰਦੇ ਨਹੀਂ ਸੀ, ਟਲ ਕੇ ਹੀ ਰਹਿੰਦੇ ਸਾਂ ਘਰ ਤੋਂ, ਪਰ ਪਿੰਡ ਵਿੱਚ ਘਰੇ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਇਸ ਬਾਰੇ ਵਿੱਚ। ਅਚਾਨਕ ਜਦੋਂ 4 ਮਾਰਚ ਦੀ ਰਾਤ ਨੂੰ ਪੁਲੀਸ ਦੀਆਂ ਗੱਡੀਆਂ ਨੇ ਘਰ ਨੂੰ ਘੇਰਾ ਪਾ ਲਿਆ ਤਾਂ ਸਭ ਹੀ ਹੈਰਾਨ ਰਹਿ ਗਏ। ਮੈਂ ਘਰ ਨਹੀਂ ਸੀ, ਲਾਂਭੇ ਸੀ, ਪਤਾ ਲੱਗਦਿਆ ਹੀ ਮੈਂ ਬਾਹਰੋ ਬਾਹਰ ਭੱਜ ਗਿਆ ਤੇ ਘਰ ਦੇ ਸਭ ਫੜ ਲਏ, ਪੂਰਾ ਪਰਿਵਾਰ, ਮਾਲ ਡੰਗਰ, ਸਭ ਰਿਸ਼ਤੇਦਾਰ ਪੁਲੀਸ ਚੁੱਕ ਕੇ ਲੈ ਗਈ।

ਮੈਂ ਤੇ ਬਲਵੰਤ ਭਗੌੜੇ ਹੋ ਗਏ। ਘਰਦਿਆਂ ਦੀ ਪੁਲੀਸ ਵੱਲੋਂ ਕੁੱਟਮਾਰ ਹੋਣ ਲੱਗੀ।

ਪੁਲੀਸ ਤੋਂ ਬਚ ਕੇ ਲੁਕ ਛਿਪ ਕੇ ਦਿਨ ਕੱਟਦੇ ਅਸੀਂ 5 ਮਾਰਚ 1971 ਨੂੰ ਫ਼ਿਰੋਜ਼ਪੁਰ ਕਾਲਜ ਦੇ ਮੂਹਰੇ ਬੈਠੇ ਚਾਹ ਪੀ ਰਹੇ ਸੀ ਤੇ ਸਾਡੇ ਕੋਲ਼ ਹਥਿਆਰ ਕੋਈ ਵੀ ਨਹੀਂ ਸੀ, ਖ਼ਾਲੀ ਹੱਥ ਹੀ ਸਾਂ। ਬਲਵੰਤ ਨੂੰ ਸੀ.ਆਈ.ਡੀ ਵਾਲ਼ੇ ਜਾਣਦੇ ਸਨ। ਉਹ ਪੁਲੀਸ ਵਾਲ਼ਿਆਂ ਨਾਲ਼ ਵਾਲੀਬਾਲ ਖੇਡਦਾ ਰਹਿੰਦਾ ਸੀ। ਕਾਲਜ ਦੌਰਾਨ ਉਹ ਪੰਜਾਬ ਦਾ ਮਸ਼ਹੂਰ ਖਿਡਾਰੀ ਸੀ। ਸਾਨੂੰ ਸੀ.ਆਈ.ਡੀ ਦਾ ਪਤਾ ਨਾ ਲੱਗਾ ਤੇ ਅਸੀਂ ਦੋਸਤਾਂ ਨਾਲ਼ ਓਥੇ ਹੀ ਬੈਠੇ ਰਹੇ।

ਸਵੇਰੇ 8-9 ਵਜੇ ਦਾ ਟਾਈਮ ਸੀ। ਪੁਲੀਸ ਨੇ ਸਿਵਲ ਵਰਦੀ ਵਿੱਚ ਘੇਰਾ ਪਾ ਲਿਆ, ਪਰ ਮੈਨੂੰ ਪੁਲੀਸ ਵਾਲ਼ੇ ਜਾਣਦੇ ਨਹੀਂ ਸਨ, ਸਿਰਫ਼ ਬਲਵੰਤ ਨੂੰ ਪਛਾਣਦੇ ਸਨ। ਚਾਹ ਵਾਲ਼ੀ ਦੁਕਾਨ ਦਾ ਓਹਲਾ ਸੀ ਤੇ ਸਾਨੂੰ ਦਿਸਿਆ ਨਾ ਤੇ ਪੁਲੀਸ ਇਕਦਮ ਉੱਪਰ ਆ ਗਈ ਤੇ ਸਿੱਧਾ ਹੀ ਬਲਵੰਤ ਨੂੰ ਜੱਫਾ ਪਾ ਲਿਆ, ਦੱਬ ਲਿਆ ਤੇ ਜਲਦੀ ਜਲਦੀ ਗੱਡੀ ਵਿੱਚ ਸੁੱਟਣ ਲੱਗੇ।

ਮੈਂ ਸਭ ਸਮਝ ਗਿਆ ਪਰ ਇਕਦਮ ਭੱਜਿਆ ਨਹੀਂ, ਚੁੱਪ ਕਰ ਕੇ ਪਾਸੇ ਹੌਲ਼ੀ ਹੌਲ਼ੀ ਖਿਸਕਦਾ ਗਿਆ ਤੇ ਪੁਲੀਸ ਬੰਤੇ ਨੂੰ ਚੁੱਕ ਕੇ ਲੈ ਗਈ।

ਮੈਂ ਓਥੋਂ ਬਾਅਦ ਵਿੱਚ ਭੱਜ ਗਿਆ।

ਬਲਵੰਤ ਦਾ ਪੁਲੀਸ ਨੇ 16 ਮਾਰਚ 1971 ਨੂੰ ਮੁਕਾਬਲਾ ਬਣਾ ਦਿੱਤਾ ਨਹਿਰ ਦੇ ਪੁਲ ਤੇ ਘੋਲੀਏ ਦੇ ਪੁਲ ਤੇ 10 ਦਿਨਾਂ ਬਾਅਦ ਹੀ। ਬਾਦਲ ਦੀ ਸਰਕਾਰ ਪੰਜਾਬ 'ਚ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਮੁੰਡੇ ਮਾਰ ਰਹੀ ਸੀ। ਮੈਂ ਪੱਕੇ ਤੌਰ ਤੇ ਭਗੌੜਾ ਹੋ ਗਿਆ ਤੇ ਪੁਲੀਸ ਨੇ ਮੇਰਾ 20 ਹਜ਼ਾਰ ਰੁਪਏ ਇਨਾਮ ਰੱਖ ਦਿੱਤਾ। ਉਸ ਟਾਈਮ 20 ਹਜ਼ਾਰ ਰੁਪਏ ਕਾਫ਼ੀ ਵੱਡੀ ਰਕਮ ਹੁੰਦੀ ਸੀ ਤੇ ਇਹ ਵੱਡਾ ਇਨਾਮ ਸੀ। ਫਿਰ ਮੈਂ ਪਾਰਟੀ ਵਿੱਚ ਪੱਕੇ ਤੌਰ ਤੇ ਰਲ ਗਿਆ ਤੇ ਮੇਰੀ ਡਿਊਟੀ ਸੰਗਰੂਰ ਤੇ ਬਠਿੰਡਾ ਜ਼ਿਲ੍ਹਿਆਂ ਦੀ ਲੱਗ ਗਈ।

ਪਹਿਲੀ ਗ੍ਰਿਫ਼ਤਾਰੀ

ਇਸ ਸਮੇਂ ਦੌਰਾਨ ਬੜਾ ਕੁਝ ਹੋਇਆ ਤੇ ਦੋ ਵਾਰ ਮਰਦੇ ਮਰਦੇ ਸਕਿੰਟ ਦੇ ਫ਼ਰਕ ਨਾਲ ਹੀ ਬਚਦਾ ਰਿਹਾ। ਮੇਰੇ ਨਾਲ ਦੇ ਕਈ ਸਾਥੀ ਦੋਸਤ ਪੁਲੀਸ ਨੇ ਮਾਰ ਦਿੱਤੇ। ਉਸ ਵਕਤ ਸਾਇਆਨਾਈਡ ਨਹੀਂ ਸੀ ਹੁੰਦੀ। ਇਸ ਸਮੇਂ ਦੌਰਾਨ ਘਰਦਿਆਂ ਦਾ ਬਹੁਤ ਨੁਕਸਾਨ ਹੋਇਆ, ਫ਼ਸਲ ਖੇਤੀ ਉਜਾੜ ਦਿੱਤੀ, ਘਰ ਢਾਹ ਦਿੱਤਾ ਤੇ ਰਿਸ਼ਤੇਦਾਰ ਕੰਬਣ ਲੱਗੇ। ਇਹ ਲਹਿਰ 1972 ਤਕ ਪੂਰੀ ਗਰਮ ਰਹੀ ਸੀ। ਫਿਰ ਫੁੱਟ ਪੈ ਗਈ ਤੇ ਫ਼ੇਲ੍ਹ ਹੋਣ ਲੱਗੀ ਸੀ ਤੇ ਮੈਂ ਰਾਜਸਥਾਨ ਚਲਾ ਗਿਆ ਪੁਰਾਣੇ ਦੋਸਤਾਂ ਕੋਲ। ਇੱਕ ਵਾਰ ਮੈਂ ਲੁਧਿਆਣੇ ਇੰਜੀਅਰਿੰਗ ਕਾਲਜ ਵਿੱਚ ਚਾਚੇ ਦੇ ਮੁੰਡੇ ਨੂੰ ਮਿਲਣ ਚਲਾ ਗਿਆ। ਕਾਲਜ ਬਿਲਕੁਲ ਨਹਿਰ ਦੇ ਪੁਲ ਦੇ ਨਾਲ ਹੈ। ਓਥੇ ਤਲਾਸ਼ੀਆਂ ਹੋ ਰਹੀਆਂ ਸਨ ਬੱਸਾਂ ਦੀਆਂ, ਲੋਕਲ ਬੱਸਾਂ ਦੀਆਂ ਕਿਉਂਕਿ ਇੰਜੀਨੀਅਰਿੰਗ ਕਾਲਜ ਵਿੱਚ ਇਸ ਲਹਿਰ ਦਾ ਰਾਜ ਸੀ। ਮੇਰੇ ਕੋਲ ਕੁਝ ਇਸ਼ਤਿਹਾਰ ਸਨ ਤੇ ਇੱਕ 12 ਬੋਰ ਦਾ ਪਿਸਤੌਲ ਸੀ, 4 ਕਾਰਤੂਸ ਸਨ ਤੇ ਬੈਠਾ ਮੈਂ ਪਿਛਲੀ ਸੀਟ ਤੇ ਕੰਡਕਟਰ ਦੇ ਨਾਲ ਹੀ ਸੀ। ਜਦੋਂ ਤਕ ਮੈਂ ਸੰਭਲਦਾ ਜਾਂ ਪਿਸਤੌਲ ਕਿਤੇ ਸਿੱਟਦਾ, ਪੁਲੀਸ ਇਕਦਮ ਬੱਸ ਦੀ ਬਾਰੀ ਖੋਲ੍ਹ ਕੇ ਅੰਦਰ ਵੜ ਗਈ । ਪੁਲੀਸ ਪਾਰਟੀ ਨੇ ਪਹਿਲਾਂ ਮੈਨੂੰ ਹੀ ਹੱਥ ਪਾਇਆ ਤੇ ਤਲਾਸ਼ੀ ਵਿੱਚ ਮੈਂ ਫੜਿਆ ਗਿਆ, ਪਰ ਮੈਂ ਆਪਣਾ ਨਾਂ ਨਹੀਂ ਸੀ ਦੱਸਿਆ।

ਮੈਨੂੰ ਬਾਅਦ ਵਿੱਚ ਸੀ.ਆਈ.ਏ. ਸਟਾਫ਼ ਲੈ ਗਏ ਤੇ ਫਿਰ ਮੇਰੇ ਬਾਰੇ ਸਭ ਪਤਾ ਲੱਗ ਗਿਆ। ਅਗਲੇ ਦਿਨ ਸਭ ਪੰਜਾਬ ਦੇ ਅਖ਼ਬਾਰਾਂ ਵਿੱਚ ਮੇਰੀ ਮੋਟੀ ਖ਼ਬਰ ਸੀ ਫੜੇ ਜਾਣ ਦੀ। ਫਿਰ 15 ਦਿਨਾਂ ਦਾ ਪੁਲੀਸ ਰਿਮਾਂਡ ਦਿੱਤਾ ਅੰਮ੍ਰਿਤਸਰ ਇੰਟੈਰੋਗੇਸ਼ਨ ਸੈਂਟਰ ਦਾ ਤੇ ਫਿਰ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਕਤਲ ਕੇਸ ਅਜੈਬ ਦਾ ਪਾ ਕੇ। ਇਹ ਕਤਲ ਕੇਸ ਡੇਢ ਸਾਲ ਚੱਲਦਾ ਰਿਹਾ। ਮੈਂ ਡੇਢ ਸਾਲ ਭਗੌੜਾ ਵੀ ਰਿਹਾ ਸੀ। ਫਿਰ 1973 ਵਿੱਚ ਮੈਂ ਬਰੀ ਹੋ ਗਿਆ ਤੇ ਘਰ ਆ ਗਿਆ।

ਹੁਣ ਘਰ ਦੇ ਬਹੁਤ ਦੁਖੀ ਸਨ ਮੇਰੇ ਤੋਂ, ਪਰ ਮੇਰੇ ਕੋਲ ਫਿਰ ਦੋਸਤ ਮਿੱਤਰ ਆਉਣ ਲੱਗੇ। ਮੇਰੇ ਚਾਚਾ ਜੀ ਬਾਹਰ ਇੰਗਲੈਂਡ ਰਹਿੰਦੇ ਸਨ ਤੇ ਮਾਮਾ ਜੀ ਵੀ ਗੱਡੀਆਂ ਦਾ ਕੰਮ ਛੱਡ ਕੇ ਇੰਗਲੈਂਡ ਚਲੇ ਗਏ ਕਿਉਂਕਿ ਪੁਲੀਸ ਨੇ ਮੇਰੇ ਭਗੌੜੇ ਹੋਣ ਸਮੇਂ ਉਹਨਾਂ ਦਾ ਵੀ ਕਾਫ਼ੀ ਨੁਕਸਾਨ ਕੀਤਾ ਸੀ। ਸੋ ਚਾਚਾ ਜੀ ਨੇ ਘਰਦਿਆਂ ਨੂੰ ਕਿਹਾ ਕਿ ਇਸ ਨੂੰ ਬਾਹਰ ਲੈ ਜਾਂਦੇ ਹਾਂ, ਇੱਧਰ ਇਹ ਫਿਰ ਕੋਈ ਕੰਮ ਖ਼ਰਾਬ ਕਰੇਗਾ। ਸੋ ਦੁਬਾਰਾ ਫਿਰ ਮੇਰਾ ਪਾਸਪੋਰਟ ਬਣਾ ਦਿੱਤਾ ਗਿਆ ਤੇ ਵਿਆਹ ਲਈ ਓਧਰ ਹੀ ਪ੍ਰਬੰਧ ਕਰ ਦਿੱਤਾ ਗਿਆ, ਪਰ ਮੈਂ ਬਾਹਰ ਜਾ ਕੇ ਰਾਜ਼ੀ ਨਹੀਂ ਸੀ। ਘਰਦਿਆਂ ਦੀ ਝੇਪ ਕਾਰਨ ਪਾਸਪੋਰਟ ਤਾਂ ਬਣਾ ਲਿਆ ਤੇ 1 ਸਾਲ ਬਾਅਦ ਜਾਣ ਦਾ ਪ੍ਰੋਗਰਾਮ ਬਣ ਗਿਆ।

ਇੱਧਰ ਅਸੀਂ 'ਨੌਜਵਾਨ ਭਾਰਤ ਸਭਾ' ਬਣਾ ਲਈ। ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਤੇ ਫਿਰ ਮੁਜ਼ਾਹਰੇ ਧਰਨੇ ਪੁਲੀਸ ਦੇ ਖ਼ਿਲਾਫ਼ ਮਾਰਨ ਲੱਗੇ। ਮੋਗੇ ਸਟੂਡੈਂਟਾਂ ਕਾਲਜ ਦਿਆਂ ਉੱਪਰ ਪੁਲੀਸ ਨੇ ਗੋਲੀ ਚਲਾ ਦਿੱਤੀ ਤੇ ਦੋ ਨੌਜਵਾਨ ਪੜ੍ਹਨ ਵਾਲੇ ਸ਼ਹੀਦ ਹੋ ਗਏ। ਅਸੀਂ ਸਖ਼ਤ ਮੁਜ਼ਾਹਰੇ ਕੀਤੇ। ਪੁਲੀਸ ਦੀ ਹਿਸਟਰੀ ਲਿਸਟ ਵਿੱਚ ਮੇਰਾ ਨਾਂ ਪਹਿਲਾਂ ਹੀ ਸੀ, ਕਈ ਬੱਸਾਂ ਨੂੰ ਅੱਗ ਲਾ ਦਿੱਤੀ ਗਈ ਤੇ ਦੋ ਬੱਸਾਂ ਸਾਡੇ ਪਿੰਡ ਦੇ ਕਾਲਜ 'ਚ ਸਾੜ ਦਿੱਤੀਆਂ। ਮੈਨੂੰ ਫਿਰ ਪੁਲੀਸ ਨੇ ਫੜ ਲਿਆ ਤੇ 6

ਮਹੀਨੇ ਲਈ ਐਨ.ਐਸ.ਏ. ਲਾ ਕੇ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ। ਉਸ ਵਕਤ ਐਨ.ਐਸ.ਏ. 6 ਮਹੀਨੇ ਦੀ ਹੀ ਲੱਗਦੀ ਸੀ।

ਹੋਰ ਸੰਘਰਸ਼

6 ਮਹੀਨੇ ਬਾਅਦ ਜੇਲ੍ਹ ਤੋਂ ਰਿਹਾ ਹੋ ਗਿਆ ਤੇ ਫਿਰ ਕਿਸਾਨਾਂ ਦਾ ਮੋਰਚਾ ਸ਼ੁਰੂ ਹੋ ਗਿਆ, ਜਦੋਂ ਨਰਮੇ ਦਾ ਭਾਅ ਘਟਾ ਦਿੱਤਾ ਗਿਆ ਤੇ ਡੀਜ਼ਲ ਤੇਲ ਬੰਦ ਹੋ ਗਿਆ। ਕਿਸਾਨ ਮੁਸ਼ਕਲ ਵਿੱਚ ਫਸ ਗਏ। ਅਸੀਂ ਫਿਰ ਕਿਸਾਨ ਯੂਨੀਅਨ ਦਾ ਝੰਡਾ ਚੁੱਕ ਲਿਆ ਤੇ ਫਿਰ ਮੁਜ਼ਾਹਰੇ ਕਰਨ ਲੱਗੇ। ਮੁਕਤਸਰ ਸ਼ਹਿਰ ਵਿੱਚ ਸਭ ਤੋਂ ਵੱਡਾ ਮੁਜ਼ਾਹਰਾ ਹੋਇਆ ਕਿਉਂਕਿ ਇੱਥੇ ਹੀ ਨਰਮਾ ਜ਼ਿਆਦਾ ਹੁੰਦਾ ਸੀ। ਇੱਥੇ ਮੁਜ਼ਾਹਰੇ ਉੱਤੇ ਅੱਥਰੂ ਗੈਸ ਤੇ ਲਾਠੀਚਾਰਜ ਹੋ ਗਿਆ ਤੇ ਕਾਫ਼ੀ ਕੁੱਟਮਾਰ ਸਾਡੇ ਉੱਪਰ ਹੋਈ। ਮੇਰਾ ਨਾਂ ਪਹਿਲਾਂ ਹੀ ਪੁਲੀਸ ਲਿਸਟ ਵਿੱਚ ਸੀ ਰਾਜਸੀ ਤੌਰ ਤੇ। ਸੋ ਮੁਜ਼ਾਹਰੇ ਸਮੇਂ ਵੀ ਅਸੀਂ ਹੀ ਅਗਵਾਈ ਕਰ ਰਹੇ ਸੀ ਤੇ ਫਿਰ ਪੁਲੀਸ ਨੇ ਫੜ ਲਿਆ। ਕੁੱਟਮਾਰ ਕਰ ਕੇ ਫ਼ਰੀਦਕੋਟ ਜੇਲ੍ਹ ਭੇਜ ਦਿੱਤਾ ਤੇ 3 ਮਹੀਨੇ ਫਿਰ ਜੇਲ੍ਹ ਵਿੱਚ ਹੀ ਲੱਗ ਗਏ।

ਓਧਰ ਘਰ ਦੇ ਬਹੁਤ ਦੁਖੀ ਹੋਏ ਪਏ ਸਨ ਕਿ ਸਾਨੂੰ ਫਿਰ ਪੁਲੀਸ ਤੋਂ ਕੁਟਵਾਏਗਾ। ਘਰ ਵਾਲੇ ਮੈਨੂੰ ਦੇਸ਼ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਬਾਹਰ ਚਲਿਆ ਜਾਵੇ, ਪਰ ਮੇਰਾ ਮਨ ਹੁਣ ਰਾਜਨੀਤਿਕ ਤੌਰ ਤੇ ਲੜਨ ਦਾ ਬਣ ਗਿਆ ਸੀ। ਮੈਂ ਬਾਹਰ ਜਾਣ ਲਈ ਰਾਜ਼ੀ ਨਹੀਂ ਸੀ। ਫਿਰ ਡੀਜ਼ਲ ਤੇਲ ਦਾ ਸੰਕਟ ਪੰਜਾਬ ਵਿੱਚ ਪੈ ਗਿਆ ਤੇ ਤਕੜੇ ਪੈਸੇ ਵਾਲੇ ਲੋਕ ਤਾਂ ਤੇਲ ਲੈ ਜਾਂਦੇ, ਗ਼ਰੀਬਾਂ ਦੀਆਂ ਫ਼ਸਲਾਂ ਸੁੱਕਣ ਲੱਗੀਆਂ। ਇਹ ਫ਼ਰਵਰੀ 1975 ਵਿੱਚ ਹੋਇਆ ਸੀ। ਅਸੀਂ ਫਿਰ ਸਖ਼ਤ ਮੁਜ਼ਾਹਰੇ ਤੇਲ ਲਈ ਕਿਸਾਨਾਂ ਦੇ ਹੱਕ ਵਿੱਚ ਤੇ ਸਰਕਾਰ ਦੇ ਵਿਰੁੱਧ ਸ਼ੁਰੂ ਕਰ ਦਿੱਤੇ। ਹਰ ਥਾਂ ਪੁਲੀਸ ਨਾਲ ਟੱਕਰ ਹੋਣ ਲੱਗੀ। ਸਾਡੀ ਜਥੇਬੰਦੀ ਪੰਜਾਬ ਵਿੱਚ ਇਸ ਵਕਤ ਤਕ ਮਸ਼ਹੂਰ ਹੋ ਗਈ ਸੀ ਤੇ ਕਿਸਾਨਾਂ ਦੀਆਂ ਬਹੁਤ ਮੰਗਾਂ ਮੰਨਵਾ ਲਈਆਂ ਸਨ ਸਰਕਾਰ ਤੋਂ । ਸ੍ਰ. ਵਧਾਵਾ ਸਿੰਘ ਬੱਬਰ ਤੇ ਤਰਸੇਮ ਸਿੰਘ ਕਾਲ਼ਾ ਸੰਘਿਆ ਵੀ ਪਹਿਲਾਂ ਇਸੇ ਲਹਿਰ ਵਿੱਚ ਰਹੇ ਸਨ। ਇਸ ਵਕਤ ਕਾਂਗਰਸ ਦੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ। 1972 ਤੋਂ ਲੈ ਕੇ 1977 ਤਕ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਰਹੀ ਪੰਜਾਬ ਵਿੱਚ।

ਭਾਈ ਵਧਾਵਾ ਸਿੰਘ ਬੱਬਰ

ਇਸ ਸਮੇਂ ਤਕ ਮੇਰਾ ਨਾਂ ਪੂਰੀ ਤਰ੍ਹਾਂ ਫ਼ਰੀਦਕੋਟ ਜ਼ਿਲ੍ਹੇ ਵਿੱਚ ਪੁਲੀਸ ਦੀ ਲਿਸਟ ਵਿੱਚ ਪਹਿਲੇ ਨੰਬਰ ਤੇ ਆ ਗਿਆ ਸੀ। ਸਭ ਥਾਣਿਆਂ ਵਿੱਚ ਮੇਰੀ ਫੋਟੋ ਲੱਗ ਗਈ ਸੀ। ਹਿਸਟਰੀ ਸੀਟਰ ਰਾਜਸੀ ਵਰਕਰ ਮੈਨੂੰ ਕਰਾਰ ਦੇ ਦਿੱਤਾ ਸੀ। ਜਦੋਂ ਕਿਤੇ ਵੀ ਗੜਬੜ ਹੁੰਦੀ, ਮੈਨੂੰ ਹਰ ਹਾਲਤ ਵਿੱਚ ਪੁਲੀਸ ਫੜ ਲੈਂਦੀ ਸੀ ਤੇ ਕਈ ਵਾਰ ਥਾਣੇ ਤਾਂ ਆਮ ਹੀ ਲੈ ਜਾਂਦੇ ਸਨ।

ਤੇਲ ਸੰਕਟ ਵੇਲ਼ੇ ਜਗਰਾਓਂ ਵਿਖੇ ਅਸੀਂ ਪੂਰੇ ਪੰਜਾਬ ਦਾ ਕਿਸਾਨਾਂ ਦਾ ਮੁਜ਼ਾਹਰਾ ਰੱਖ ਦਿੱਤਾ ਕਿ ਅਗਰ ਸਰਕਾਰ ਨੇ ਤੇਲ ਨਾ ਦਿੱਤਾ ਤਾਂ ਸ਼ਹਿਰ ਵਿੱਚ ਗੜਬੜ ਕਰ ਦਿੱਤੀ ਜਾਵੇਗੀ। ਬੱਸਾਂ ਰੋਕ ਲਈਆਂ ਗਈਆਂ, ਦੋ ਰੇਲ ਗੱਡੀਆਂ ਰੋਕ ਦਿੱਤੀਆਂ। 10 ਘੰਟੇ ਇਸ ਤਰ੍ਹਾਂ ਹੀ ਚੱਲਦਾ ਰਿਹਾ।

ਫਿਰ ਇਹ ਸ਼ਾਂਤਮਈ ਮੁਜ਼ਾਹਰਾ ਬੇਕਾਬੂ ਹੋ ਗਿਆ। ਅਸੀਂ ਸਭ ਤੋਂ ਅੱਗੇ ਸੀ ਤੇ ਪੁਲੀਸ ਵਾਲ਼ੇ ਸਾਨੂੰ ਰੋਕ ਰਹੇ ਸਨ। ਪਿਛਲੇ ਪਾਸੇ ਤੋਂ ਕਿਸੇ ਨੇ ਡੀ.ਐਸ.ਪੀ. ਦੇ ਰੋੜਾ ਮਾਰ ਦਿੱਤਾ। ਸਭ ਲੋਕਾਂ ਕੋਲ ਡਾਂਗਾਂ ਡੰਡੇ ਸਨ ਤੇ ਸੜਕ ਤੇ ਪੱਥਰ ਮੋਟੇ ਬਹੁਤ ਪਏ ਸਨ। ਸੋ ਪੱਥਰਬਾਜ਼ੀ ਸ਼ੁਰੂ ਹੋ ਗਈ ਤੇ ਡੀ.ਐਸ.ਪੀ. ਨੇ ਆਪ ਰਿਵਾਲਵਰ ਨਾਲ਼ ਗੋਲ਼ੀ ਚਲਾ ਦਿੱਤੀ, ਜੋ ਸਿੱਧੀ ਮੇਰੇ ਨਾਲ਼ ਦੇ ਮੁੰਡੇ

ਸਵਰਨ ਸਿੰਘ ਗਾਲਬ ਕਲਾਂ ਦੇ ਵੱਜੀ ਤੇ ਉਹ ਡਿੱਗ ਪਿਆ।

ਏਨਾ ਹੋਣ ਦੀ ਦੇਰ ਸੀ ਕਿ ਸਭ ਡੀ.ਐਸ.ਪੀ. ਨੂੰ ਪੈ ਗਏ ਤੇ ਡੀ.ਐਸ.ਪੀ. ਦਾ ਸਿਰ ਪਾੜ ਦਿੱਤਾ ਗਿਆ।

ਬੱਸ ਫਿਰ ਕੀ ਸੀ, ਗੋਲੀ ਚੱਲਣੀ ਸ਼ੁਰੂ ਹੋ ਗਈ। 50 ਆਦਮੀ ਫੱਟੜ ਹੋ ਗਏ ਤੇ 4 ਸ਼ਹੀਦ ਹੋ ਗਏ। ਮੇਰੇ ਤੇ ਹੋਰ 20 ਵਰਕਰਾਂ ਉੱਪਰ ਡੀ.ਐਸ.ਪੀ. ਨੂੰ ਕੁੱਟਣ ਦੇ ਬਦਲੇ 307 ਦਾ ਪਰਚਾ ਹੋ ਗਿਆ। ਫਿਰ ਸਾਨੂੰ 5 ਦਿਨ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਤੇ 3 ਮਹੀਨੇ ਬਾਅਦ ਜ਼ਮਾਨਤ ਹੋਈ, ਕੇਸ ਚੱਲਦਾ ਰਿਹਾ। ਇਸ ਸਮੇਂ ਜੂਨ 1975 ਤਕ ਮੈਂ ਪੁਲੀਸ ਦੀਆਂ ਤੇ ਸਰਕਾਰ ਦੀਆਂ ਅੱਖਾਂ ਵਿੱਚ ਖ਼ਤਰਨਾਕ ਰਾਜਸੀ ਵਰਕਰ ਬਣ ਗਿਆ ਸੀ, ਜੋ ਹਰ ਵਕਤ ਹੀ ਜ਼ਿਲ੍ਹੇ ਅੰਦਰ ਅਮਨ ਭੰਗ ਕਰਨ ਦਾ ਮੋਹਰੀ ਸੀ ਸਰਕਾਰ ਤੇ ਪੁਲੀਸ ਦੀਆਂ ਨਜ਼ਰਾਂ ਵਿੱਚ। ਪਰ ਲੋਕ ਜਨਤਾ ਸਭ ਸਾਡੇ ਨਾ.ਲ ਸੀ, ਬਹੁਤ ਲੋਕਾਂ ਦੇ ਮਸਲੇ ਹੱਲ ਕਰਾਏ ਸਨ। ਪੁਲੀਸ ਦੇ ਜਬਰ ਵਿਰੁੱਧ ਹਰ ਵਕਤ ਡਟ ਕੇ ਮੁਜ਼ਾਹਰੇ-ਧਰਨੇ ਮਾਰੇ ਤੇ ਹਮੇਸ਼ਾ ਪੁਲੀਸ ਸਾਡੀ ਦੁਸ਼ਮਣ ਬਣੀ ਰਹੀ। ਮੈਂ ਹਮੇਸ਼ਾ ਹੀ ਘਰੋਂ ਬਾਹਰ ਰਹਿੰਦਾ ਸੀ। ਹਫ਼ਤੇ ਵਿੱਚ ਇੱਕ ਅੱਧ ਦਿਨ ਹੀ ਘਰੇ ਆਉਂਦਾ ਸੀ ਤੇ ਰਾਤ ਨੂੰ ਪੁਲੀਸ ਤੋਂ ਬਚਣ ਲਈ ਹਮੇਸ਼ਾ ਹੀ ਬਾਹਰ ਖੇਤਾਂ ਵਿੱਚ ਹੀ ਸੌਂਦੇ ਸਾਂ।

ਦੇਸ਼ ਵਿੱਚ ਐਮਰਜੈਂਸੀ

ਇਸ ਸਮੇਂ ਭਾਰਤ ਵਿੱਚ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ ਤੇ ਸੰਜੇ ਗਾਂਧੀ ਉਸ ਦਾ ਲੜਕਾ ਕਾਂਗਰਸ ਦਾ ਜਨਰਲ ਸਕੱਤਰ ਸੀ। ਕਾਂਗਰਸ ਰਾਜ ਵਿਰੁੱਧ ਉਸ ਵਕਤ ਬਹੁਤ ਜ਼ਬਰਦਸਤ ਲਹਿਰ ਸਾਰੇ ਭਾਰਤ ਵਿੱਚ ਉੱਠ ਖੜ੍ਹੀ ਹੋਈ ਸੀ। ਮਈ 1975 ਤਕ ਤਾਂ ਸਾਰੇ ਭਾਰਤ ਵਿੱਚ ਹੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿੱਚ ਰੋਜ਼ਾਨਾ ਹੀ ਮੁਜ਼ਾਹਰੇ ਹੋ ਰਹੇ ਸਨ। ਉਧਰ ਇੰਦਰਾ ਗਾਂਧੀ ਦੇ ਵਿਰੁੱਧ ਲਖਨਊ ਹਾਈਕੋਰਟ ਨੇ ਉਸ ਦੀ ਐਮ.ਪੀ. ਦੀ ਚੋਣ ਰੱਦ ਕਰ ਦਿੱਤੀ ਤੇ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣਾ ਪੈਣਾ ਸੀ। ਦੇਸ਼ ਵਿੱਚ ਬੜੀ ਗੜਬੜ ਸ਼ੁਰੂ ਹੋ ਗਈ। ਵਿਰੋਧੀ ਪਾਰਟੀਆਂ ਨੇ ਕਾਂਗਰਸ ਦੇ ਨੱਕ ਵਿੱਚ ਦਮ ਕਰ ਦਿੱਤਾ ਤੇ 23 ਜੂਨ 1975 ਨੂੰ ਲੁਧਿਆਣਾ ਵਿਖੇ ਸਾਰੇ ਲੀਡਰਾਂ ਨੇ ਇੱਕ ਭਾਰੀ ਕਾਨਫ਼ਰੰਸ ਕੀਤੀ। ਇੱਥੇ ਏਨਾ ਇਕੱਠ ਹੋਇਆ ਕਿ ਅੱਜ ਤਕ ਸਾਰੇ ਹਿੰਦੁਸਤਾਨ ਵਿੱਚ ਏਨਾ ਵੱਡਾ ਇਕੱਠ ਨਹੀਂ ਸੀ ਹੋਇਆ ਤੇ ਸਾਰਾ ਹਿੰਦੁਸਤਾਨ ਹੀ ਹਿੱਲ ਗਿਆ ਸੀ।

ਇੰਦਰਾ ਗਾਂਧੀ ਨੇ ਵੇਖਿਆ ਕਿ ਮੈਨੂੰ ਗੱਦੀ ਛੱਡਣੀ ਪੈਣੀ ਹੈ ਤੇ ਵਿਰੋਧੀ ਪਾਰਟੀਆਂ ਮੈਨੂੰ ਜੇਲ੍ਹ ਵਿੱਚ ਸੁੱਟਣਗੀਆਂ। ਸਾਰੀ ਜਨਤਾ ਇੰਦਰਾ ਦੇ ਵਿਰੁੱਧ ਸੀ ਤੇ ਉਸ ਵਕਤ ਜ਼ਬਰਦਸਤੀ ਨਸਬੰਦੀ ਲੋਕਾਂ ਦੀ ਸ਼ੁਰੂ ਕਰ ਦਿੱਤੀ ਗਈ ਸੀ। ਜਦੋਂ ਕਿਸੇ ਨੇ ਕੋਈ ਵੀ ਸਰਕਾਰੀ ਦਫ਼ਤਰ ਕੰਮ ਕਰਾਉਣਾ ਹੁੰਦਾ ਜਾਂ ਭਾਵੇਂ ਜ਼ਮਾਨਤ ਹੀ ਭਰਾਉਣੀ ਹੁੰਦੀ, ਕਨੈਕਸ਼ਨ ਲੈਣਾ ਹੁੰਦਾ, ਛੁੱਟੀ ਲੈਣੀ ਹੁੰਦੀ ਤਾਂ ਹਰ ਪਟਵਾਰੀ ਮਾਸਟਰ ਐਸ.ਡੀ.ਓ ਤੇ ਥਾਣੇਦਾਰਾਂ ਨੂੰ ਹਰ ਇੱਕ ਨੂੰ ਹਰ ਕੰਮ ਬਦਲੇ 10 ਅਪਰੇਸ਼ਨ ਦੇਣੇ ਪੈਂਦੇ ਸਨ। ਹਾਹਾਕਾਰ ਮੱਚ ਗਈ, ਗ਼ਰੀਬਾਂ ਦਾ ਬੁਰਾ ਹਾਲ ਹੋ ਗਿਆ। ਜ਼ਬਰਦਸਤੀ ਲੋਕਾਂ ਨੂੰ ਪੁਲੀਸ ਚੁੱਕ ਲੈਂਦੀ ਪਿੰਡਾਂ ਵਿੱਚ ਆ ਕੇ ਤੇ ਧੱਕੇ ਨਾ.ਲ ਗ਼ਰੀਬ ਲੋਕਾਂ ਦੇ ਅਪਰੇਸ਼ਨ ਕਰ ਦਿੰਦੇ ਸਨ। ਹਰ ਪਾਸੇ ਹੀ ਪੂਰੇ ਭਾਰਤ ਵਿੱਚ ਸ਼ੋਰ ਮੱਚ ਗਿਆ।

ਅਖ਼ੀਰ ਇੰਦਰਾ ਨੇ ਵੇਖਿਆ ਕਿ ਲੁਧਿਆਣੇ ਵਾਲੀ ਕਾਨਫ਼ਰੰਸ ਅਗਰ ਇੱਕ ਹੋਰ ਹੋ ਗਈ ਤਾਂ ਗੱਦੀ ਤੇ ਰਹਿਣਾ ਮੁਸ਼ਕਲ ਹੈ। ਸੋ ਇੰਦਰਾ ਨੇ 26 ਜੂਨ 1975 ਦੀ ਰਾਤ 12 ਵਜੇ ਨੂੰ ਪੂਰੇ ਭਾਰਤ ਵਿੱਚ ਐਮਰਜੈਂਸੀ ਲਾ ਦਿੱਤੀ। ਇਸ ਰਾਤ ਨੂੰ ਬਾਅਦ ਵਿੱਚ ਕਾਲੀ ਬੋਲੀ ਰਾਤ ਕਹਿਣ ਲੱਗੇ ਸੀ। 27 ਜੂਨ ਦੀ ਸਵੇਰ ਦਿਨ ਚੜ੍ਹਦੇ ਨਾ.ਲ ਹੀ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਪੁਲੀਸ ਥਾਣਿਆਂ ਵਿੱਚ ਜਿਸ ਵੀ ਕਿਸੇ ਦਾ ਸਰਕਾਰ ਵਿਰੋਧੀ ਰਿਕਾਰਡ ਸੀ, ਗ੍ਰਿਫ਼ਤਾਰ ਕਰਨ ਲੱਗੇ, ਜੋ ਕਾਂਗਰਸ ਜਾਂ ਇੰਦਰਾ ਗਾਂਧੀ ਦੇ ਵਿਰੁੱਧ ਨਾਹਰਾ ਲਾਉਂਦਾ, ਉਸ ਨੂੰ ਫੜ ਲੈਂਦੇ।

ਅਖ਼ਬਾਰਾਂ ਤੇ ਸੈਂਸਰਸ਼ਿਪ ਲਾ ਦਿੱਤੀ ਗਈ। 27 ਜੂਨ ਦੇ ਅਖ਼ਬਾਰ ਖ਼ਾਲੀ ਹੀ ਛਪੇ, ਸਭ ਸੈਂਸਰ ਦੀ ਭੇਟ ਹੋ ਗਏ ਤੇ ਪੂਰੇ ਹਿੰਦੁਸਤਾਨ ਵਿੱਚ ਸਭ ਦੀ ਜ਼ੁਬਾਨ ਇੰਦਰਾ ਨੇ ਬੰਦ ਕਰ ਦਿੱਤੀ।

27 ਜੂਨ ਦੀ ਰਾਤ ਨੂੰ 2 ਵਜੇ ਕੁਦਰਤੀ ਮੈਂ ਘਰ ਹੀ ਸੁੱਤਾ ਪਿਆ ਸੀ ਕਿ ਤੜਕੇ ਪੁਲੀਸ ਨੇ ਘੇਰਾ ਪਾ ਲਿਆ ਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੇ ਕੋਲ 10 ਹਜ਼ਾਰ ਰੁਪੈ ਸਨ, ਮੈਂ ਬਠਿੰਡਾ ਦੁੱਧ ਦੀ ਡੇਅਰੀ ਤੋਂ ਪੈਸੇ ਲੈ ਕੇ ਸ਼ਾਮ ਨੂੰ ਹੀ ਆਇਆ ਸੀ। ਦੁੱਧ ਦਾ ਕੰਮ ਵੀ ਨਾਲ ਕੁਝ ਸ਼ੁਰੂ ਕੀਤਾ ਸੀ। ਪੈਸੇ ਤਾਂ ਘਰਦਿਆਂ ਨੂੰ ਮੋੜ ਦਿੱਤੇ, ਮੈਨੂੰ ਕੱਪੜੇ ਲਿਜਾਣ ਦਿੱਤੇ ਗਏ। ਮੈਂ ਪੁੱਛਿਆ ਕਿ ਕਿੰਨੇ ਦਿਨ ਲੱਗਣਗੇ ? ਪੁਲੀਸ ਵਾਲੇ ਕਹਿੰਦੇ ਕਿ ਇੱਕ ਦੋ ਦਿਨਾਂ ਦਾ ਹੀ ਕੰਮ ਹੈ। ਮੈਨੂੰ ਬਾਘੇ ਪੁਰਾਣੇ ਥਾਣੇ ਲੈ ਗਏ। ਓਥੇ ਮੇਰੇ ਜਾਂਦੇ ਨੂੰ ਹੋਰ ਕੋਈ 60-70 ਅਕਾਲੀ ਵਰਕਰ ਤੇ ਹੋਰ ਸਭ ਹੀ ਪਾਰਟੀਆਂ ਦੇ ਵਰਕਰ ਵੀ ਬੈਠੇ ਸਨ ਫੜੇ ਹੋਏ। ਸਾਨੂੰ 10 ਵਜੇ ਮੋਗੇ ਕੋਰਟ ਵਿੱਚ ਪੇਸ਼ ਕਰ ਦਿੱਤਾ। 107/151 ਲਾ ਦਿੱਤੀ ਤੇ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ। ਓਥੇ ਹੋਰ ਵੀ ਬਹੁਤ ਫੜੇ ਹੋਏ ਸਨ ਕਮਿਊਨਿਸਟ, ਅਨੰਦ ਮਾਰਗ ਵਾਲੇ, ਬੀ.ਜੇ.ਪੀ. ਵਾਲੇ, ਸੋਸ਼ਲਿਸਟ ਜਨਸੰਘ, ਆਰ.ਐਸ.ਐਸ ਵਾਲੇ ਸਭ ਹੀ ਸਨ। ਉਸ ਵਕਤ ਜੇਲ੍ਹਾਂ ਵਿੱਚ ਪੱਖੇ ਨਹੀਂ ਸਨ ਹੁੰਦੇ ਤੇ ਨਾ ਹੀ ਫ਼ਲੱਸ਼ ਸਿਸਟਮ ਸੀ। ਬਹੁਤ ਔਖਾ ਕੰਮ ਸੀ, ਗਿਣਤੀ ਬਹੁਤ ਜ਼ਿਆਦਾ ਸੀ। ਰੋਜ਼ਾਨਾ ਹੀ ਹੜਤਾਲ ਹੁੰਦੀ ਸੀ, ਕੈਦੀਆਂ ਦਾ ਬੁਰਾ ਹਾਲ ਸੀ। ਕੋਈ ਅੱਗ ਨਹੀਂ ਸੀ ਬਾਲ ਸਕਦਾ, ਚਾਹ ਨਹੀਂ ਸੀ ਬਣਦੀ। ਸਿਰਫ਼ ਇੱਕ ਵਾਰ ਸਵੇਰੇ ਹੀ ਕਾਲ਼ੀ ਜਿਹੀ ਚਾਹ ਮਿਲਦੀ ਸੀ।

3 ਮਹੀਨੇ ਮੈਂ 107/151 ਵਿੱਚ ਰਿਹਾ ਤੇ ਹੋਰ ਕਾਫ਼ੀ ਲੋਕ ਜ਼ਮਾਨਤਾਂ ਕਰਾ ਕੇ ਬਾਹਰ ਚਲੇ ਗਏ। ਅਕਾਲੀ ਦਲ ਨੇ ਅਜੇ ਮੋਰਚਾ ਸ਼ੁਰੂ ਨਹੀਂ ਸੀ ਕੀਤਾ। ਐਮਰਜੈਂਸੀ ਵਿਰੁੱਧ ਉਸ ਵਕਤ ਅਕਾਲੀ ਦਲ ਦੇ ਜਥੇਦਾਰ ਪ੍ਰਧਾਨ ਮੋਹਨ ਸਿੰਘ ਤੁੜ ਸਨ। ਤਿੰਨ ਮਹੀਨੇ ਬਾਅਦ ਮੈਂ ਵੀ ਜ਼ਮਾਨਤ ਕਰਾ ਲਈ, ਪਰ ਪੁਲੀਸ ਨੇ ਖ਼ਾਸ ਵਿਰੋਧੀਆਂ ਦੀਆਂ ਲਿਸਟਾਂ ਬਣਾ ਰੱਖੀਆਂ ਸਨ, ਜੋ ਖ਼ਤਰਨਾਕ ਸਨ। ਜਦੋਂ ਮੈਂ ਜ਼ਮਾਨਤ ਕਰਾ ਕੇ ਜੇਲ੍ਹ ਦੀ ਖਿੜਕੀ ਵਿੱਚੋਂ ਬਾਹਰ ਹੋਣ ਲੱਗਾ ਤਾਂ ਪੁਲੀਸ ਨੇ ਰੋਕ ਲਿਆ ਤੇ 7 ਦਿਨ ਥਾਣੇ ਰੱਖ ਕੇ ਡਿਫੈਂਸ ਆਫ਼ ਇੰਡੀਆ ਰੂਲ ਲਾ ਕੇ ਫਿਰ ਫ਼ਿਰੋਜ਼ਪੁਰ ਜੇਲ੍ਹ ਵਿੱਚ ਭੇਜ ਦਿੱਤਾ। ਹੁਣ ਇਸ ਸਮੇਂ ਤਕ ਸਭ ਖ਼ਾਸ ਸਰਕਾਰ ਵਿਰੋਧੀ ਜੇਲ੍ਹਾਂ ਵਿੱਚ ਰਹਿ ਗਏ ਸਨ। ਮੈਂ ਜਦੋਂ ਵੀ ਮੋਗੇ ਤਰੀਕ ਤੇ ਆਉਂਦਾ ਤਾਂ ਸਭ ਤੋਂ ਵੱਧ ਮੈਂ ਹੀ ਕਾਂਗਰਸ, ਇੰਦਰਾ, ਸੰਜੇ ਗਾਂਧੀ ਦੇ ਵਿਰੁੱਧ ਨਾਹਰੇ ਲਾਉਂਦਾ ਸੀ।

ਇਸ ਵੇਲੇ ਸਤੰਬਰ 1975 ਤਕ ਅਕਾਲੀ ਦਲ ਨੇ ਐਮਰਜੈਂਸੀ ਵਿਰੁੱਧ ਮੋਰਚਾ ਲਾ ਦਿੱਤਾ। ਇਸ ਜੇਲ੍ਹ ਵਿੱਚ ਮੇਰੇ ਨਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ੍ਰ. ਸੁਖਜਿੰਦਰ ਸਿੰਘ, ਜਥੇਦਾਰ ਤੋਤਾ ਸਿੰਘ, ਸ੍ਰ. ਬਲਵੰਤ ਸਿੰਘ ਰਾਮੂਵਾਲੀਆ, ਸ੍ਰ. ਗੁਰਦਾਸ ਸਿੰਘ ਬਾਦਲ, ਜਥੇਦਾਰ ਸੁਰਜਨ ਸਿੰਘ ਠੇਕੇਦਾਰ, ਸ੍ਰ. ਜਗਦੇਵ ਸਿੰਘ ਖੁਡੀਆਂ, ਸ੍ਰ. ਮਹਿੰਦਰ ਸਿੰਘ ਸਾਈਆਂਵਾਲਾ, ਸ੍ਰ. ਹਰਭਜਨ ਸਿੰਘ ਫੂਡ ਸਪਲਾਈ ਮੰਤਰੀ, ਸਾਥੀ ਰੂਪ ਲਾਲ, ਪ੍ਰਿਥੀਪਾਲ ਸਿੰਘ ਰੰਧਾਵਾ ਤੇ ਖ਼ਾਸ ਕਰ ਕੇ ਇਹ ਲਾਲ਼ਾ ਜਗਤ ਨਰਾਇਣ ਵੀ ਸਾਡੇ ਨਾਲ ਹੀ ਬੰਦ ਕਰ ਦਿੱਤਾ ਸੀ ਡੀ.ਆਈ.ਆਰ. ਅਧੀਨ। ਗਿਆਨੀ ਜ਼ੈਲ ਸਿੰਘ ਇਸ ਲਾਲ਼ੇ ਦੇ ਸਖ਼ਤ ਵਿਰੁੱਧ ਸੀ ਤੇ ਇਹ ਆਪਣੇ ਅਖ਼ਬਾਰ ਵਿੱਚ ਐਮਰਜੈਂਸੀ ਤੇ ਕਾਂਗਰਸ ਦੇ ਵਿਰੁੱਧ ਲਿਖਦਾ ਸੀ। ਹਰਬੰਸ ਲਾਲ ਖੰਨਾ, ਜਿਸ ਨੇ ਬਾਅਦ ਵਿੱਚ ਅੰਮ੍ਰਿਤਸਰ ਸਟੇਸ਼ਨ ਤੇ ਗੁਰੂ ਰਾਮਦਾਸ ਜੀ ਦੀ ਫੋਟੋ ਉਤਾਰੀ ਸੀ ਤੇ ਹੁਣ ਭਾਜਪਾ ਨੇਤਾ ਲਾਲ ਕ੍ਰਿਸ਼ਨ ਇਹ ਤੇ ਮਿੱਤਰਸੈਨ ਹੋਰ ਵੀ ਕਈ ਵੱਡੇ ਵੱਡੇ ਲੀਡਰ ਇੱਥੇ ਮੇਰੇ ਨਾਲ ਹੀ ਸਨ।

ਅਸੀਂ ਸਭ ਖੁੱਲ੍ਹੇ ਹੀ ਰਹਿੰਦੇ ਸਾਂ, ਹੋਰ ਵਰਕਰਾਂ ਦੀ ਗਿਣਤੀ ਬਹੁਤ ਸੀ ਤੇ ਰਾਤ ਨੂੰ ਵੀ ਖੁੱਲ੍ਹੀ ਰਹਿੰਦੀ ਸੀ ਗਿਣਤੀ। ਮੈਂ ਜ਼ਿਆਦਾ ਸਮਾਂ ਦਿਨੇ ਟੌਹੜਾ ਸਾਹਿਬ ਦੇ ਕੋਲ ਹੀ ਰਹਿੰਦਾ ਸੀ। ਇਹਨਾਂ ਦਾ ਸੁਭਾਅ ਵਧੀਆ ਸੀ ਤੇ ਮੈਨੂੰ ਵੀ ਗੱਲਾਂ ਦਾ ਸ਼ੌਕ ਸੀ। ਅਸੀਂ 5-6 ਨੌਜਵਾਨ ਹਮੇਸ਼ਾ ਇਹਨਾਂ ਕੋਲ

ਹੀ ਜਾਂਦੇ ਸਾਂ। ਓਥੇ ਹੀ ਅਖ਼ਬਾਰ ਪੜ੍ਹਦੇ ਸਾਂ ਤੇ ਓਧਰ ਹੀ ਵਾਲੀਬਾਲ ਵੀ ਉਹਨਾਂ ਨਾਲ ਖੇਡਦੇ ਸਾਂ। ਟੌਹੜਾ ਸਾਹਿਬ ਉਸ ਵਕਤ ਵਾਲੀਬਾਲ ਵਧੀਆ ਖੇਡਦੇ ਸਨ ਤੇ ਦੁਪਹਿਰੇ ਗੱਪਾਂ ਸ਼ੱਪਾਂ ਵੀ ਓਥੇ ਹੀ ਮਾਰਦੇ ਸਾਂ। ਉਸ ਵਕਤ ਜੇਲ੍ਹ ਵਿੱਚ ਹੀ ਪ੍ਰਧਾਨ ਸਾਹਿਬ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ। ਇਹ ਮੈਨੂੰ ਕਾਫ਼ੀ ਨਜ਼ਦੀਕ ਰੱਖਦੇ ਸਨ ਕਿਉਂਕਿ ਇਹਨਾਂ ਨੂੰ ਪਤਾ ਸੀ ਕਿ ਅਸੀਂ ਗ਼ਰਮ ਸੁਭਾਅ ਦੇ ਹਾਂ ਤੇ ਕਿਸੇ ਵੀ ਔਖੇ ਕੰਮ ਤੋਂ ਡਰਦੇ ਨਹੀਂ ਸਾਂ। ਤਰੀਕ ਤੇ ਨਾਹਰੇ ਸਾਡੇ ਬਹੁਤ ਮਸ਼ਹੂਰ ਸਨ ਤੇ ਮੋਗੇ ਤਰੀਕ ਵਾਲੇ ਦਿਨ ਹਜ਼ਾਰਾਂ ਦਾ ਇਕੱਠ ਹੁੰਦਾ ਸੀ। ਕਈ ਵਾਰ ਪੁਲੀਸ ਨਾਲ ਤਰੀਕ ਤੇ ਝਗੜਾ ਵੀ ਹੋਇਆ ਸੀ। ਰਾਮੂਵਾਲੀਆ ਉਸ ਵੇਲੇ ਡਰਦਾ ਬਹੁਤ ਸੀ, ਪਰ ਅਸੀਂ ਤਾਂ ਹੱਥੋਪਾਈ ਹੋ ਜਾਂਦੇ ਸੀ ਪੁਲੀਸ ਨਾਲ, ਕਿਉਂਕਿ ਪੁਲੀਸ ਵਾਲੇ ਮੂੰਹ ਬੰਦ ਕਰਾਉਂਦੇ ਸਨ। ਅਸੀਂ ਜੱਜ ਸਾਹਿਬ ਦੇ ਅੰਦਰ ਕਮਰੇ ਵਿੱਚ ਵੀ ਨਾਹਰੇ ਮਾਰਦੇ ਸੀ ਸਰਕਾਰ ਤੇ ਇੰਦਰਾ ਵਿਰੁੱਧ। ਉਸ ਵਕਤ ਇੰਦਰਾ ਵਿਰੁੱਧ ਨਾਹਰਾ ਲਾਉਣਾ ਕਤਲ ਕਰਨ ਦੇ ਬਰਾਬਰ ਹੀ ਸੀ। ਸਾਰਾ ਹਿੰਦੁਸਤਾਨ ਜੇਲ੍ਹ ਦੇ ਰੂਪ ਵਿੱਚ ਬਦਲ ਦਿੱਤਾ ਸੀ।

ਐਮਰਜੈਂਸੀ ਵਿਰੁੱਧ ਮੋਰਚੇ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ

ਅਕਾਲੀ ਦਲ ਦੇ ਜੋ ਜਥੇ ਆਉਂਦੇ ਸਨ ਗ੍ਰਿਫ਼ਤਾਰ ਹੋ ਕੇ, ਉਹਨਾਂ ਨੂੰ 3-6 ਮਹੀਨੇ ਲਈ ਕੈਦ ਕਰਦੇ ਸਨ, ਪਰ ਸਾਨੂੰ ਨਾ ਕੈਦ ਕਰਦੇ ਸਨ ਨਾ ਹੀ ਛੱਡਦੇ ਸਨ। ਅਕਾਲੀ ਜਥੇ ਸਾਡੇ ਵੇਲੇ ਤਕ ਦੋ ਤਿੰਨ ਤਿੰਨ ਵਾਰ ਦੁਬਾਰੇ ਵੀ ਜੇਲ੍ਹ ਆ ਚੁੱਕੇ ਸਨ। ਅਕਾਲੀ ਦਲ ਤੋਂ ਬਗੈਰ ਬਾਕੀ ਸਭ ਆਮ ਵਰਕਰ ਤਾਂ ਛੱਡ ਦਿੱਤੇ ਸਨ। ਇਸ ਸਮੇਂ ਦੌਰਾਨ ਹੀ ਮੇਰਾ ਪਾਸਪੋਰਟ ਵੀ ਜ਼ਬਤ ਕਰ ਲਿਆ ਗਿਆ ਤੇ ਵਿਆਹ ਦਾ ਵੀ ਨਾਲ ਹੀ ਕੰਮ ਖ਼ਤਮ ਹੋ ਗਿਆ। ਚਾਚਾ ਜੀ ਮੇਰੇ ਨਾਲ ਨਰਾਜ਼ ਹੋ ਗਏ ਕਿਉਂਕਿ ਮੈਂ ਸਾਫ਼ ਇਨਕਾਰ ਕਰ ਦਿੱਤਾ ਸੀ ਬਾਹਰ ਜਾਣ ਤੋਂ। ਉਸ ਵਕਤ ਇਹੋ ਜਿਹਾ ਪੁਲੀਸ ਨਾਲ ਲੜਨ ਦਾ ਜਜ਼ਬਾ ਬਹੁਤ ਸੀ, ਲੋਕਾਂ ਵਿੱਚ ਮੇਰਾ ਨਾਂ ਬਹੁਤ ਸੀ। ਸੋ ਇਹ ਵਿਆਹ ਵੀ ਐਮਰਜੈਂਸੀ ਕਾਰਨ ਰੱਦ ਹੋ ਗਿਆ। ਇਰਾਦਾ ਤਾਂ ਦਿਲੋਂ ਹੈ ਹੀ ਨਹੀਂ ਸੀ, ਮਨ ਵਿੱਚ ਹੋਰ ਬਹੁਤ ਕੁਝ ਸਰਕਾਰ ਵਿਰੁੱਧ ਕਰਨ ਦੀ ਤਮੰਨਾ ਸੀ।

ਜਥੇਦਾਰ ਟੌਹੜਾ ਦੇ ਨਾਲ ਰਹਿਣ ਕਾਰਨ ਮੈਂ ਅਕਾਲੀ ਦਲ ਦੇ ਨੇੜੇ ਹੋ ਗਿਆ। ਪਹਿਲਾਂ ਜ਼ਿਆਦਾ ਝੁਕਾਅ ਕਮਿਊਨਿਸਟਾਂ ਵੱਲ ਸੀ, ਪਰ ਹੁਣ ਇੱਥੇ ਬਿਲਕੁਲ ਹੀ ਅਕਾਲੀ ਦਲ ਦੀਆਂ ਨੀਤੀਆਂ ਨਾਲ ਸਹਿਮਤ ਹੋ ਗਿਆ ਤੇ ਟੌਹੜਾ ਸਾਹਿਬ ਨੇ ਮੈਨੂੰ ਅਕਾਲੀ ਦਲ ਦੇ ਮੈਂਬਰ ਦੇ ਤੌਰ ਤੇ ਭਰਤੀ ਕਰ ਲਿਆ। ਉਸ ਵੇਲੇ ਤੋਂ ਲੈ ਕੇ ਅੱਜ ਤਕ ਹੁਣ ਧਾਰਮਿਕ ਪਾਰਟੀ ਨਾਲ ਹੀ ਸਹਿਮਤ ਹਾਂ, ਭਾਵੇਂ ਲੀਡਰ ਕੋਈ ਹੋਵੇ।

ਫ਼ਰਵਰੀ 1977 ਵਿੱਚ ਇੰਦਰਾ ਨੇ ਦੇਸ਼ ਵਿੱਚ ਚੋਣਾਂ ਦਾ ਐਲਾਨ ਕਰ ਦਿੱਤਾ ਤੇ ਸਭ ਲੀਡਰਾਂ ਨੂੰ ਰਿਹਾਅ ਕਰਨਾ ਸ਼ੁਰੂ ਕਰ ਦਿੱਤਾ। ਲੋਕ ਸਭਾ ਦੀ ਮਿਆਦ ਖ਼ਤਮ ਹੋ ਗਈ ਸੀ ਤੇ ਪੰਜਾਬ ਸਰਕਾਰ ਦੀ ਮਿਆਦ ਵੀ 1 ਸਾਲ ਵੱਧ ਹੋ ਗਈ ਸੀ। ਬਾਕੀ ਸਭ ਹੀ ਲੀਡਰ ਸਭ ਜੇਲ੍ਹਾਂ ਤੋਂ ਛੱਡ ਦਿੱਤੇ ਗਏ, ਮੇਰੀ ਰਿਹਾਈ ਨਾ ਕੀਤੀ ਗਈ ਤੇ ਮੇਰੇ ਉੱਪਰ ਕੇਸ ਦੀ ਸੁਣਵਾਈ ਸ਼ੁਰੂ ਕਰ ਦਿੱਤੀ। ਬਾਹਰ ਅਕਾਲੀ ਲੀਡਰਾਂ ਨੇ ਪੰਜਾਬ ਵਿੱਚ ਇੱਕ ਵੱਡਾ ਜਲੂਸ ਕੱਢਿਆ ਤੇ ਮੇਰੀ ਰਿਹਾਈ ਦੀ ਮੰਗ ਜ਼ੋਰ ਫੜਨ ਲੱਗੀ। ਪੇਪਰਾਂ ਵਿੱਚ ਅਖ਼ਬਾਰਾਂ ਤੇ ਮੇਰੀ ਰਿਹਾਈ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ।

20 ਮਾਰਚ ਨੂੰ ਚੋਣਾਂ ਸਨ। ਅਕਾਲੀ ਦਲ ਵੱਲੋਂ ਰੌਲਾ ਪਾਉਣ ਤੇ ਮੇਰੀ 7 ਮਾਰਚ 1977 ਨੂੰ

ਰਿਹਾਈ ਹੋਈ। ਇਸ ਐਮਰਜੈਂਸੀ ਦੌਰਾਨ ਮੈਂ ਸਾਰੇ ਹਿੰਦੁਸਤਾਨ ਵਿੱਚੋਂ ਸਭ ਤੋਂ ਵੱਧ ਕੈਦ ਕੱਟੀ ਸੀ, ਬਾਕੀ ਸਭ ਆਮ ਲੀਡਰਾਂ ਨੇ 19 ਮਹੀਨੇ ਕੈਦ ਕੱਟੀ ਸੀ, ਪਰ ਮੇਰੀ 21 ਮਹੀਨੇ ਸੀ। ਸਭ ਤੋਂ ਵੱਧ ਕੈਦ ਕੱਟਣ ਬਦਲੇ ਹੀ ਅਕਾਲੀ ਦਲ ਨੇ ਤੇ ਸ਼੍ਰੋਮਣੀ ਕਮੇਟੀ ਨੇ ਤੇ ਬਾਅਦ ਵਿੱਚ ਅਕਾਲੀ ਸਰਕਾਰ ਨੇ ਸਪੈਸ਼ਲ ਸਰਟੀਫਿਕੇਟ ਦੇ ਕੇ ਮੈਨੂੰ ਸਨਮਾਨਿਤ ਕੀਤਾ ਸੀ, ਜੋ ਕਿ ਹੁਣ ਉਹ ਸਰਟੀਫਿਕੇਟ ਸਭ ਹੀ ਲੁਧਿਆਣਾ ਪੁਲੀਸ ਕੋਲ ਜਮ੍ਹਾ ਹਨ।

7 ਮਾਰਚ 1977 ਨੂੰ ਮੇਰੀ ਜੇਲ੍ਹ ਤੋਂ ਰਿਹਾਈ ਹੋ ਗਈ। ਕੁਦਰਤੀ ਹੀ 8 ਮਾਰਚ ਦੀ ਰਾਤ ਨੂੰ ਬਾਘੇ ਪੁਰਾਣੇ ਥਾਣੇ ਵਿੱਚ ਕੜਿਆਂ ਵਾਲੇ ਥਾਣੇਦਾਰ ਨੇ ਜੋ ਬਹੁਤ ਹੀ ਜ਼ਾਲਮ ਸੀ ਤੇ ਐਮਰਜੈਂਸੀ ਵਿੱਚ ਉਸ ਨੇ ਬਹੁਤ ਲੋਕਾਂ ਤੇ ਜ਼ੁਲਮ ਕੀਤੇ ਸਨ, ਇਸ ਨੇ ਕੁੱਟ ਕੁੱਟ ਕੇ ਇੱਕ ਨੌਜਵਾਨ ਚਰਨ ਸਿੰਘ ਮਾਣੂਕੇ ਨੂੰ ਮਾਰ ਦਿੱਤਾ। ਇਹ ਚਰਨ ਸਿੰਘ ਮੇਰੇ ਦੋਸਤ ਬੰਤ ਸਿੰਘ ਦਾ ਭਰਾ ਸੀ। ਇਹ ਬੰਤ ਸਿੰਘ ਹੋਰ ਸੀ ਤੇ ਇਹ ਵੀ ਕਾਫੀ ਸਮਾਂ ਭਗੌੜਾ ਰਿਹਾ ਸੀ। 8 ਮਾਰਚ ਨੂੰ ਹੀ ਮੈਨੂੰ ਜਦੋਂ ਲੋਕਾਂ ਨੇ ਇਸ ਘਟਨਾ ਬਾਰੇ ਦੱਸਿਆ ਤਾਂ ਅਸੀਂ ਥਾਣੇ ਨੂੰ ਘੇਰ ਲਿਆ। ਬਾਦਲ ਸਾਬ੍ਹ ਵੀ ਓਥੇ ਆ ਗਏ। ਇਹ ਫ਼ਰੀਦਕੋਟ ਤੋਂ ਪਾਰਲੀਮੈਂਟ ਦੀ ਸੀਟ ਲੜ ਰਹੇ ਸਨ। ਇਹਨਾਂ ਨੇ ਮੈਨੂੰ ਦੋ ਜੀਪਾਂ ਦੇ ਦਿੱਤੀਆਂ ਕਿਉਂਕਿ ਥਾਣੇ ਦਾ ਘੇਰਾਓ ਵੱਧ ਕਰਨਾ ਸੀ। ਪੁਲੀਸ ਨੇ ਲਾਸ਼ ਖੁਰਦ ਬੁਰਦ ਕਰ ਦਿੱਤੀ ਸੀ। ਮੈਂ ਰਾਤ ਨੂੰ ਹੋਰ ਨਾਲ਼ ਨੌਜਵਾਨ ਲੈ ਕੇ ਪਿੰਡਾਂ ਵਿੱਚ ਪ੍ਰਚਾਰ ਲਈ ਚਲਾ ਗਿਆ ਤੇ ਰਾਤ ਹਜ਼ਾਰਾਂ ਦਾ ਇਕੱਠ ਕਰ ਦਿੱਤਾ। ਲੋਕਾਂ ਨੇ ਥਾਣੇਦਾਰ ਤੇ 4 ਹੋਰ ਪੁਲੀਸ ਵਾਲ਼ੇ ਬੱਸ ਵਿੱਚੋਂ ਫੜ ਲਏ ਤੇ ਪੱਗਾਂ ਨਾਲ਼ ਬੰਨ੍ਹ ਕੇ ਥਾਣੇ ਵਿੱਚ ਬੰਦ ਕਰ ਦਿੱਤੇ।

ਉਸ ਵਕਤ ਮੇਰੀ ਬਹੁਤ ਚੜ੍ਹਾਈ ਸੀ, ਅਵਾਜ਼ ਦੇਣ ਤੇ ਲੋਕ ਮਰਨ ਲਈ ਤਿਆਰ ਸਨ। ਅਸੀਂ ਜਦੋਂ ਬੰਦ ਕੀਤਾ ਪੁਲੀਸ ਵਾਲ਼ਿਆਂ ਨੂੰ, ਤਾਂ ਲੋਕਾਂ ਨੇ ਹੜ੍ਹ ਵਾਂਗ ਬਾਘੇ ਪੁਰਾਣੇ ਨੂੰ ਵਹੀਰਾਂ ਘੱਤ ਦਿੱਤੀਆਂ ਕਿ ਕੜਿਆਂ ਵਾਲਾ ਥਾਣੇਦਾਰ ਬੰਦ ਕੀਤਾ ਹੋਇਆ ਹੈ। ਲਾਸ਼ ਕਿਸੇ ਜਗ੍ਹਾ ਤੋਂ ਨਾ ਮਿਲ਼ੇ, ਘੇਰਾ ਹੋਰ ਵਧ ਗਿਆ ਤੇ ਹਾਲਾਤ ਖਰਾਬ ਹੋਣ ਲੱਗੇ। ਪੁਲੀਸ ਵੀ ਭਾਰੀ ਗਿਣਤੀ ਵਿੱਚ ਆ ਗਈ, ਪਰ ਲਾਸ਼ ਤੋਂ ਬਗੈਰ ਕੁਝ ਨਾ ਬਣਿਆ। ਲੋਕਾਂ ਨੇ ਥਾਣੇ ਦੀਆਂ ਬਾਹਰ ਦੀਆਂ ਕੰਧਾਂ ਢਾਹ ਦਿੱਤੀਆਂ ਤੇ ਥਾਣੇ ਵਿੱਚੋਂ ਸਾਰਾ ਹੀ ਸਮਾਨ ਲੋਕਾਂ ਨੇ ਚੁੱਕ ਲਿਆ। ਹਾਲਾਤ ਹੋਰ ਵੀ ਖ਼ਰਾਬ ਹੋ ਗਏ। ਕੁਦਰਤੀ 12 ਤਰੀਕ ਨੂੰ ਇੰਦਰਾ ਗਾਂਧੀ ਨੇ ਮੋਗੇ ਦਾ ਚੋਣ ਦੌਰਾ ਰੱਖ ਦਿੱਤਾ ਤੇ ਪੁਲੀਸ ਓਧਰ ਰੁੱਝ ਗਈ, ਪਰ ਲਾਸ਼ ਨਾ ਮਿਲ਼ੀ। ਪਰ ਥਾਣੇਦਾਰ ਤੇ ਦੂਜੇ 4 ਪੁਲੀਸ ਵਾਲ਼ਿਆਂ ਤੇ ਪਰਚਾ 302 ਦਾ ਕੱਟ ਦਿੱਤਾ ਗਿਆ।

ਮੋਗੇ ਅਸੀਂ ਇੰਦਰਾ ਗਾਂਧੀ ਦੇ ਘੇਰਾਓ ਕਰਨ ਦਾ ਫ਼ੈਸਲਾ ਕੀਤਾ। ਇਕੱਠ ਬਹੁਤ ਸੀ। ਸੀ.ਆਈ.ਡੀ. ਨੇ ਰਿਪੋਰਟ ਦਿੱਤੀ ਕਿ ਇੰਦਰਾ ਗਾਂਧੀ ਲਈ ਮੁਸ਼ਕਲ ਪੇਸ਼ ਆਵੇਗੀ ਅਗਰ ਲਾਸ਼ ਨਾ ਮਿਲ਼ੀ ਤਾਂ। ਫਿਰ ਜਾ ਕੇ 11 ਤਰੀਕ ਦੀ ਰਾਤ ਨੂੰ ਹੀ ਨਹਿਰ ਵਿੱਚੋਂ ਪੁਲੀਸ ਨੇ ਲਾਸ਼ ਕੱਢ ਕੇ ਦਿੱਤੀ ਸੀ। ਇਸ ਵਿੱਚ ਮੇਰੇ ਤੇ ਫਿਰ ਪਰਚਾ ਕੱਟ ਦਿੱਤਾ ਗਿਆ, ਲੋਕਾਂ ਨੂੰ ਭੜਕਾਉਣ ਦਾ ਤੇ ਥਾਣੇ ਦੇ ਸਮਾਨ ਦੀ ਚੋਰੀ ਦਾ। ਪਰ ਬਾਅਦ ਵਿੱਚ ਅਕਾਲੀ ਸਰਕਾਰ ਬਣ ਗਈ। ਬਾਦਲ ਵੀ ਜਿੱਤ ਗਿਆ ਤੇ ਇਹ ਸਭ ਕੇਸ ਖਾਰਜ ਹੋ ਗਏ। ਜਗਰਾਓਂ ਡੀ.ਐਸ.ਪੀ. ਵਾਲ਼ਾ ਕੇਸ ਵੀ ਅਕਾਲੀ ਸਰਕਾਰ ਨੇ ਬਰੀ ਕਰਾ ਦਿੱਤਾ।

ਇਸ ਕੇਸ ਵਿੱਚ ਪੁਲੀਸ ਵਾਲ਼ਿਆਂ ਨੂੰ 20 ਸਾਲ ਕੈਦ ਹੋ ਗਈ ਸੀ, ਪਰ ਹਾਈਕੋਰਟ ਨੇ ਬਰੀ ਕਰ ਦਿੱਤੇ ਸਨ। ਮਾਰਚ, ਅਪ੍ਰੈਲ 1977 ਵਿੱਚ ਹੀ ਇੰਦਰਾ ਗਾਂਧੀ ਚੋਣਾਂ ਹਾਰ ਗਈ ਤੇ ਜਨਤਾ ਦਲ ਦੀ ਸਰਕਾਰ ਬਣ ਗਈ, ਚੰਦਰ ਸ਼ੇਖਰ ਪ੍ਰਧਾਨ ਸਨ ਜਨਤਾ ਦਲ ਦੇ। ਪੰਜਾਬ ਵਿੱਚ ਅਕਾਲੀ ਦਲ ਜਿੱਤ ਗਿਆ ਤੇ ਅਕਾਲੀ ਦਲ ਦੀ ਸਰਕਾਰ ਬਣ ਗਈ। ਮੇਰੀ ਐਮਰਜੈਂਸੀ ਦੌਰਾਨ ਸਭ ਤੋਂ ਵੱਧ ਕੈਦ ਕੱਟੀ ਹੋਣ ਕਾਰਨ 200 ਰੁਪੈ ਮਹੀਨਾ ਪੈਨਸ਼ਨ ਲਾ ਦਿੱਤੀ ਤੇ ਹੋਰ ਸਹੂਲਤਾਂ ਵੀ ਦਿੱਤੀਆਂ ਤੇ ਦੋ

ਟਰੱਕਾਂ ਦੇ ਨੈਸ਼ਨਲ ਪਰਮਿਟ ਦੇ ਦਿੱਤੇ, ਜੋ ਮੋਗੇ ਸਨ ਪਰ ਚਲਾਏ ਨਹੀਂ, ਵੇਚ ਦਿੱਤੇ ਸਨ। ਬਾਘੇ ਪੁਰਾਣੇ ਹੀ ਦੋ ਫੀਏਟ ਕਾਰਾਂ ਟੈਕਸੀਆਂ ਪਾ ਦਿੱਤੀਆਂ ਤੇ ਵਧੀਆ ਟਾਈਮ ਪਾਸ ਕਰਨ ਲੱਗੇ। ਅਕਾਲੀ ਸਭ ਵੱਡੇ ਲੀਡਰਾਂ ਨਾਲ ਜਾਣ ਪਛਾਣ ਸੀ, ਲੋਕਾਂ ਦੇ ਕੰਮ ਕਰਾਉਣ ਲੱਗੇ। ਫਿਰ ਸਭ ਠੀਕ ਹੋ ਗਿਆ ਤੇ ਘਰ ਦੇ ਵੀ ਖ਼ੁਸ਼ ਰਹੇ ਕਿ ਚਲੋ ਠੀਕ ਹੋ ਗਿਆ ਹੈ।

ਸੰਤ ਭਿੰਡਰਾਂਵਾਲ਼ੇ

13 ਅਪ੍ਰੈਲ 1978 ਨੂੰ ਸ਼ਹੀਦ ਹੋਏ 13 ਸਿੰਘ

ਸਭ ਠੀਕ ਠਾਕ ਚੱਲ ਰਿਹਾ ਸੀ ਕਿ 13 ਅਪ੍ਰੈਲ 1978 ਨੂੰ ਵਿਸਾਖੀ ਵਾਲ਼ੇ ਦਿਨ ਅੰਮ੍ਰਿਤਸਰ ਨਿਰੰਕਾਰੀਆਂ ਨੇ 13 ਸਿੰਘ ਸ਼ਹੀਦ ਕਰ ਦਿੱਤੇ ਤੇ ਪੰਜਾਬ ਵਿੱਚ ਫਿਰ ਹਾਲਾਤ ਖ਼ਰਾਬ ਹੋ ਗਏ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਸਾਡੇ ਪਿੰਡ ਰੋਡੇ ਦੇ ਹੀ ਰਹਿਣ ਵਾਲ਼ੇ ਸਨ ਤੇ ਮੇਰੇ ਨਾਲ ਹੀ ਪੜ੍ਹਦੇ ਰਹੇ ਸਨ ਚੌਥੀ ਤਕ। ਸੰਤ ਜੀ ਸਿਰਫ਼ ਚੌਥੀ ਤਕ ਹੀ ਸਕੂਲੀ ਪੜ੍ਹਾਈ ਪੜ੍ਹੇ ਹੋਏ ਸਨ। 13 ਅਪ੍ਰੈਲ ਦੇ ਵਾਕੇ ਨੇ ਫਿਰ ਹਲਚਲ ਮਚਾ ਦਿੱਤੀ ਤੇ ਨਕਲੀ ਨਿਰੰਕਾਰੀ ਸ਼ਰੇਆਮ ਸਿੰਘਾਂ ਨੂੰ ਸ਼ਹੀਦ ਕਰ ਕੇ ਗੁਰਬਚਨਾ ਦਿੱਲੀ ਭੱਜ ਗਿਆ। ਇਸ ਤੋਂ ਬਾਅਦ ਲਗਾਤਾਰ ਹਾਲਾਤ ਖ਼ਰਾਬ ਹੀ ਹੁੰਦੇ ਗਏ। ਮੇਰੇ ਮਨ ਤੇ ਵੀ ਬਹੁਤ ਅਸਰ ਹੋਇਆ ਇਸ ਕਾਂਡ ਦਾ। ਸੰਤ ਜੀ ਗ਼ਰਮ ਤੋਂ ਗ਼ਰਮ ਭਾਸ਼ਣ ਕਰਨ ਲੱਗੇ। ਟਕਸਾਲ ਦੇ ਮੁਖੀ ਸੰਤ ਜੀ 2 ਭਾਦੋਂ 1977 ਨੂੰ ਬਣੇ ਸਨ, ਪਹਿਲਾਂ ਸੰਤ ਕਰਤਾਰ ਸਿੰਘ ਜੀ ਹੀ ਮੁਖੀ ਸਨ। ਉਹ ਐਕਸੀਡੈਂਟ ਵਿੱਚ ਅਕਾਲ ਚਲਾਣਾ ਕਰ ਗਏ ਸਨ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

1980 ਦੀ ਚੋਣ ਵਿੱਚ ਇੰਦਰਾ ਗਾਂਧੀ ਬਾਘੇ ਪੁਰਾਣੇ ਆਈ ਸੀ, ਕਾਂਗਰਸ ਦੇ ਹੱਕ ਵਿੱਚ ਪ੍ਰਚਾਰ ਕਰਨ। ਇਕੱਠ ਬਹੁਤ ਸੀ, ਮੇਰੇ ਕੋਲ ਝੰਡਾ ਸੀ ਅਕਾਲੀ ਦਲ ਦਾ। ਜਦੋਂ ਸਟੇਜ ਤੇ ਮਹਾਰਾਣੀ ਇੰਦਰਾ ਬੋਲ ਰਹੀ ਸੀ ਤਾਂ ਮੈਂ 'ਮੁਰਦਾਬਾਦ' ਦੇ ਨਾਹਰੇ ਲਾ ਦਿੱਤੇ। ਲੋਕ ਡਰ ਗਏ ਤੇ ਭਗਦੜ ਮੱਚ ਗਈ। ਹੋਰ ਵੀ ਆਦਮੀ ਨਾਹਰੇ ਮਾਰਨ ਲੱਗੇ। ਮੈਨੂੰ ਪੁਲੀਸ ਨੇ ਚੁੱਕ ਲਿਆ ਤੇ ਬਹੁਤ ਬੁਰੀ ਹਾਲਤ ਕੀਤੀ 10 ਦਿਨ, ਪਰ ਇਹ ਸੀਟ ਮੈਂ ਅਕਾਲੀ ਦਲ ਨੂੰ ਐਮ.ਐਲ.ਏ. ਦੀ 307 ਵੋਟਾਂ ਤੇ ਜਿਤਾ ਦਿੱਤੀ ਸੀ। ਉਸ ਵਕਤ ਇੰਦਰਾ ਕਾਰਨ ਮੇਰੀ ਬਹੁਤ ਚਰਚਾ ਅਖ਼ਬਾਰਾਂ ਵਿੱਚ ਹੋਈ ਸੀ।

ਮੈਂ ਪਹਿਲਾਂ ਤਾਂ ਕਦੇ ਸੰਤਾਂ ਕੋਲ ਨਹੀਂ ਗਿਆ ਤੇ ਨਾ ਹੀ ਮਹਿਤੇ ਟਕਸਾਲ ਵਿੱਚ ਕਦੇ ਗਿਆ ਸੀ। ਸੋ 24 ਅਪ੍ਰੈਲ 1980 ਨੂੰ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਹੋਰਾਂ ਨੇ ਦਿੱਲੀ ਨਿਰੰਕਾਰੀ ਮੁਖੀ ਗੁਰਬਚਨਾ ਮਾਰ

ਦਿੱਤਾ ਤੇ ਭਗੌੜੇ ਹੋ ਗਏ। ਬਦਲਾ ਲੈ ਲਿਆ, ਓਧਰ ਜਦੋਂ ਨਿਰੰਕਾਰੀਆਂ ਨੇ 13 ਅਪ੍ਰੈਲ ਨੂੰ ਸਿੰਘ ਸ਼ਹੀਦ ਕੀਤੇ ਸਨ ਤਾਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਗਿਆ ਸੀ। ਉਸ ਵੇਲੇ ਜਥੇਦਾਰ ਸਾਹਿਬ ਸ੍ਰ. ਸਾਧੂ ਸਿੰਘ ਜੀ ਭੌਰਾ ਸਨ। ਹੁਕਮਨਾਮੇ ਵਿੱਚ ਨਿਰੰਕਾਰੀਆਂ ਨਾਲ਼ ਰੋਟੀ ਬੇਟੀ ਦੀ ਸਾਂਝ ਤੇ ਲੈਣ ਦੇਣ ਦੀ ਸਾਂਝ ਖ਼ਤਮ ਕਰਨ ਲਈ ਜਾਰੀ ਕੀਤਾ ਗਿਆ ਸੀ ਤੇ ਇਸ ਤੇ ਅਮਲ ਸ਼ੁਰੂ ਹੋ ਗਿਆ। ਓਧਰ 1980 ਵਿੱਚ ਅਕਾਲੀ ਦਲ ਦੀ ਸਰਕਾਰ ਟੁੱਟ ਗਈ ਤੇ ਨਵੀਆਂ ਚੋਣਾਂ ਹੋ ਗਈਆਂ। ਕਾਂਗਰਸ ਫਿਰ ਜਿੱਤ ਗਈ ਤੇ ਮੁੱਖ ਮੰਤਰੀ ਦਰਬਾਰਾ ਸਿੰਘ ਬਣ ਗਿਆ।

ਲਾਲ਼ਾ ਜਗਤ ਨਰਾਇਣ

ਓਧਰ ਪੰਜਾਬ ਵਿੱਚ ਹੁਕਮਨਾਮੇ ਦੇ ਵਿਰੁੱਧ ਲਾਲ਼ਾ ਜਗਤ ਨਰਾਇਣ ਨੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਸਭ ਸਿੱਖ ਲੀਡਰਾਂ ਦੇ ਵਿਰੁੱਧ ਘਟੀਆ ਸ਼ਬਦ ਵਰਤਣੇ ਸ਼ੁਰੂ ਕਰ ਦਿੱਤੇ ਗਏ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਰੁੱਧ ਬਹੁਤ ਘਟੀਆ ਸ਼ਬਦਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਗਈ ਤੇ ਹੁਕਮਨਾਮੇ ਨੂੰ 'ਡਾਇਰਨਾਮਾ' ਕਹਿਣਾ ਸ਼ੁਰੂ ਕਰ ਦਿੱਤਾ। ਸੰਤ ਜਰਨੈਲ ਸਿੰਘ, ਟੌਹੜਾ ਸਾਬ੍ਹ, ਲੌਂਗੋਵਾਲ਼ ਸਾਬ੍ਹ ਉਸ ਵਕਤ ਪ੍ਰਧਾਨ ਸਨ ਅਕਾਲੀ ਦਲ ਦੇ ਤੇ 1981 ਵਿੱਚ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਸ੍ਰ. ਗੁਰਦਿਆਲ ਸਿੰਘ ਅਜਨੋਹਾ ਸਾਬ੍ਹ ਸਨ।



ਲਾਲਾ ਜਗਤ ਨਰਾਇਣ

ਦਿੱਲੀ ਨਿਰੰਕਾਰੀ ਦੇ ਕਤਲ ਤੋਂ ਬਾਅਦ ਪੰਜਾਬ ਵਿੱਚ ਸੀ.ਬੀ.ਆਈ. ਨੇ ਕਾਫ਼ੀ ਛਾਪੇ ਮਾਰੇ। ਸਾਡੇ ਪਿੰਡ ਵੀ ਕਾਫ਼ੀ ਛਾਪੇ ਪਏ ਸਨ, ਕਿਉਂਕਿ ਜੋ ਕਾਰਬਾਈਨ ਵਰਤੀ ਸੀ ਨਰਕਧਾਰੀ ਨੂੰ ਮਾਰਨ ਵੇਲ਼ੇ, ਉਹ ਰੋਡੇ ਪਿੰਡ ਦੀ ਹੀ ਸੀ। 3-4 ਮੁੰਡੇ ਪਿੰਡ ਦੇ ਭਗੌੜੇ ਵੀ ਹੋ ਗਏ ਸਨ। ਸਧਾਰਨ ਹੀ ਮੁੰਡੇ ਸਨ। ਅਸਲ ਵਿੱਚ ਸੰਤਾਂ ਦੇ ਵੀ ਵਰੰਟ ਕੱਢ ਦਿੱਤੇ ਸਨ ਸੀ.ਬੀ.ਆਈ. ਨੇ ਨਿਰੰਕਾਰੀ ਕਾਂਡ ਵਿੱਚ, ਪਰ ਸੰਤ ਜੀ ਉਸ ਵਕਤ ਗੁਰੂ ਨਾਨਕ ਨਿਵਾਸ ਤੇ ਆ ਗਏ ਸਨ। ਇਹ ਸਮਾਂ 1980 ਮਾਰਚ ਤਕ ਦਾ ਸੀ। ਸੋ ਸੰਤ ਜਰਨੈਲ ਸਿੰਘ ਜੀ ਲਾਲ਼ਾ ਜਗਤ ਨਰਾਇਣ ਤੋਂ ਬਹੁਤ ਦੁਖੀ ਸਨ। ਰੋਜ਼ਾਨਾ ਹੀ ਲਾਲ਼ਾ ਬਹੁਤ ਘਟੀਆ ਖ਼ਬਰਾਂ ਤੇ ਲੇਖ ਲਿਖਦਾ ਸੀ ਸਿੱਖ ਕੌਮ ਦੇ ਵਿਰੁੱਧ। ਸੰਤਾਂ ਦੇ ਦਿਲ ਨੂੰ ਅੱਗ ਲੱਗੀ ਪਈ ਸੀ ਲਾਲ਼ੇ ਦੇ ਵਿਰੁੱਧ। ਓਧਰ ਸੰਤਾਂ ਦੇ ਵਰੰਟ ਖ਼ਤਮ ਤੇ ਰੱਦ ਹੋ ਗਏ ਮਾਰਚ 20 ਨੂੰ ਤੇ ਸੰਤ ਜੀ ਫਿਰ ਪ੍ਰਚਾਰ ਲਈ ਪੰਜਾਬ ਦੇ ਦੌਰੇ ਤੇ ਚੱਲ ਪਏ। ਇਸ ਸਮੇਂ ਦੌਰਾਨ ਸੰਤਾਂ ਕੋਲ਼ ਕੋਈ ਖ਼ਾਸ ਹਥਿਆਰ ਨਹੀਂ ਸਨ। 5-7 ਬਾਰਾਂ ਬੋਰ ਦੀਆਂ ਰਾਈਫਲਾਂ ਸਨ ਤੇ ਦੋ ਤਿੰਨ ਰਿਵਾਲਵਰ ਸਨ ਤੇ ਕੋਈ ਚੰਗਾ ਟਰੇਂਡ ਨੌਜਵਾਨ ਨਹੀਂ ਸੀ ਮਿਲ਼ ਰਿਹਾ, ਜੋ ਕੋਈ ਕਾਰਨਾਮਾ ਕਰ ਕੇ ਵਿਖਾਵੇ ਜਾਂ ਔਖੇ ਵੇਲ਼ੇ ਕੰਮ ਆ ਸਕੇ। ਇਸ ਵੇਲ਼ੇ ਤਕ ਪੰਜਾਬ ਵਿੱਚ ਨਾ ਸੀ.ਆਰ.ਪੀ. ਸੀ, ਨਾ ਬੀ.ਐਸ.ਐਫ. ਸੀ, ਨਾ ਹੋਰ ਕੁਝ ਸਖ਼ਤੀ ਸੀ। ਸਧਾਰਨ ਹੀ ਹਾਲਾਤ ਸਨ ਤੇ ਪੰਜਾਬ ਪੁਲੀਸ ਕੋਲ਼ ਵੀ 303 ਦੀਆਂ ਹੀ ਰਾਈਫਲਾਂ ਤੇ ਡੰਡਾ ਸਟੇਨਗੰਨਾਂ ਹੀ ਸਨ, ਕੋਈ ਨਾਕਾ ਨਹੀਂ ਸੀ ਹੁੰਦਾ। ਕਿਤੇ ਜਾਣ ਤੇ ਰੋਕ ਨਹੀਂ ਸੀ, ਰਾਹ ਵਿੱਚ ਕੋਈ ਤਲਾਸ਼ੀ ਨਹੀਂ ਸੀ ਹੁੰਦੀ ਕਿਤੇ ਵੀ।

ਸੰਤ ਜੀ ਲਾਲ਼ੇ ਤੇ ਬਹੁਤ ਔਖੇ ਸਨ। ਮੈਂ ਕਦੇ ਵੀ ਸੰਤਾਂ ਨੂੰ ਮਿਲ਼ਿਆ ਨਹੀਂ ਸੀ, ਪਰ ਨਾਨਕ ਨਿਵਾਸ ਕਈ ਵਾਰ ਗਿਆ ਸੀ ਤੇ ਸਾਡੇ ਪਿੰਡ ਦੇ ਜੋ ਮੁੰਡੇ ਜਥੇ ਵਿੱਚ ਸਨ, ਉਹਨਾਂ ਨੂੰ ਮਿਲ਼ ਕੇ ਵਾਪਸ ਪਿੰਡ ਆ ਜਾਂਦਾ ਸੀ, ਕਿਉਂਕਿ ਮੈਂ ਹੋਰ ਕੰਮ ਵੀ ਦੋਸਤ ਨਾਲ਼ ਰਲ਼ ਕੇ ਸ਼ੁਰੂ ਕੀਤਾ ਸੀ ਠੇਕੇਦਾਰੀ ਦਾ। ਸੂਏ, ਨਹਿਰ, ਖਾਲ਼ੇ ਪੱਕੇ ਕਰਨ ਦਾ ਠੇਕਾ ਸੀ। ਕਾਫ਼ੀ ਕੰਮ ਚੱਲ ਰਿਹਾ ਸੀ ਤੇ ਦੋ ਟੈਕਸੀਆਂ ਚੱਲ ਰਹੀਆਂ ਸਨ। ਘਰ ਦੇ ਪੂਰੇ ਖ਼ੁਸ਼ ਸਨ ਤੇ ਪਿਛਲੀ ਸਭ ਤਕਲੀਫ਼ ਭੁੱਲ ਗਏ ਸਨ ਤੇ ਵਧੀਆ ਖ਼ੁਸ਼ੀ ਨਾਲ਼ ਰਹਿ ਰਹੇ ਸਨ।

ਸੋ ਸੰਤਾਂ ਨੂੰ ਪਤਾ ਲੱਗ ਗਿਆ ਸੀ ਕਿ ਮੈਂ ਅੰਮ੍ਰਿਤਸਰ ਜਾਂਦਾ ਹਾਂ ਤੇ ਦੀਵਾਨ ਵੀ ਸੁਣਦਾ ਹਾਂ। ਮੇਰੇ ਦਿਲ ਤੇ ਵੀ ਲਾਲੇ ਦੇ ਘਟੀਆ ਲੇਖ ਲਿਖਣ ਦਾ ਬਹੁਤ ਗ਼ੁਸਾ ਸੀ ਕਿ ਇਹ ਹਟਦਾ ਨਹੀਂ, ਕਾਫੀ ਵਾਰਨਿੰਗ ਦਿੱਤੀ ਸੀ ਸੰਤਾਂ ਨੇ ਤੇ ਹੋਰ ਲੀਡਰਾਂ ਨੇ ਵੀ। ਇੱਕ ਵਾਰ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਪਾਸੇ ਅਖ਼ਬਾਰ ਦੇ ਪਹਿਲੇ ਸਫ਼ੇ ਤੇ ਵਧੀਆ ਫੋਟੋ ਛਾਪ ਦਿੱਤੀ ਤੇ ਉਸੇ ਪਹਿਲੇ ਸਫ਼ੇ ਤੇ ਬਰਾਬਰ ਤੇ ਓਨੀ ਹੀ ਵੱਡੀ ਫੋਟੋ ਗਾਂਧੀ ਦੀ ਲਾ ਦਿੱਤੀ ਤੇ ਬਰਾਬਰ ਹੀ ਉਹਨਾਂ ਬਾਰੇ ਤੁਲਨਾ ਕਰ ਦਿੱਤੀ, ਜਿਸ ਦਾ ਸਿੱਖ ਜਨਤਾ ਵਿਚ ਬਹੁਤ ਅਸਰ ਹੋਇਆ। ਸਭ ਦੇ ਮਨ ਦੁਖੀ ਹੋਏ। ਮੈਂ ਵੀ ਪੁਰਾਣੇ ਸਮੇਂ ਤੋਂ ਹੀ ਅਖ਼ਬਾਰ ਪੜ੍ਹਦਾ ਸੀ। 1971 ਤੋਂ ਹੀ ਲਗਾਤਾਰ ਅਖ਼ਬਾਰ ਪੜ੍ਹਦਾ ਆ ਰਿਹਾ ਸੀ।

ਸੰਤਾਂ ਨਾਲ਼ ਮੇਲ਼

ਸੰਤ ਜਰਨੈਲ ਸਿੰਘ ਜੀ ਪਿੰਡ ਰੋਡੇ ਵਿਖੇ ਇੱਕ ਲੜਕੀ ਦੇ ਵਿਆਹ 'ਤੇ 10 ਅਪ੍ਰੈਲ 1981 ਨੂੰ ਆਏ, ਨਾਲ਼ ਸਾਰਾ ਜਥਾ ਸੀ ਤੇ ਹੋਰ ਸੰਗਤ ਵੀ ਸੀ। ਉਸ ਵੇਲ਼ੇ ਮੈਂ ਕੋਈ ਖ਼ਾਸ ਤੌਰ 'ਤੇ ਮਿਲਣ ਦੀ ਤਮੰਨਾ ਨਹੀਂ ਸੀ ਰੱਖਦਾ ਸੰਤਾਂ ਨਾਲ, ਕਿਉਂਕਿ ਸੰਤਾਂ ਦਾ ਸੁਭਾਅ ਕੁਝ ਗਰਮ ਸੀ ਤੇ ਮੈਂ ਦਾੜ੍ਹੀ ਕੱਟ ਕੇ ਰੱਖਦਾ ਸੀ, ਪਰ ਕੇਸ ਰੱਖੇ ਹੋਏ ਸਨ। ਇਸ ਲਈ ਦੂਰ ਹੀ ਰਹਿੰਦਾ ਸੀ, ਪਰ ਸਬੱਬੀ ਮੈਂ ਵੀ ਉਸ ਵਿਆਹ ਵਿੱਚ ਹਾਜ਼ਰ ਸੀ ਤੇ ਸੰਤਾਂ ਨੂੰ ਕਿਸੇ ਨੇ ਦੱਸ ਦਿੱਤਾ ਕਿ ਨਛੱਤਰ ਸਿੰਘ ਇੱਥੇ ਹੀ ਹੈ। ਸੰਤਾਂ ਨੇ ਹੋਰ ਕਈਆਂ ਕੋਲ਼ੋਂ ਮੇਰੇ ਬਾਰੇ ਸੁਣਿਆ ਸੀ ਕਿ ਪੁਰਾਣਾ ਟਰੇਂਡ ਆਦਮੀ ਹੈ ਤੇ ਧਰਮ ਦੇ ਕੰਮਾਂ ਲਈ, ਲੋਕਾਂ ਦੇ ਹੱਕ ਲਈ ਹਰ ਵਕਤ ਤਿਆਰ ਰਹਿੰਦਾ ਹੈ ਔਖੇ ਤੋਂ ਔਖੇ ਕੰਮ ਲਈ ਵੀ।

ਮੈਂ ਓਥੋਂ ਚੱਲਣਾ ਚਾਹੁੰਦਾ ਸੀ, ਪਰ ਸੰਤਾਂ ਨੇ ਕਿਸੇ ਨੂੰ ਕਹਿ ਕੇ ਮੈਨੂੰ ਕੋਲ਼ ਬੁਲਾ ਲਿਆ।

ਮੈਂ ਝਕਦਾ-ਝਕਦਾ ਕੋਲ਼ ਚਲਾ ਗਿਆ। ਸੰਤਾਂ ਨੇ ਦਾੜ੍ਹੀ ਬਾਰੇ ਕੋਈ ਟਿੱਪਣੀ ਨਹੀਂ ਕੀਤੀ, ਸਗੋਂ ਕਿਹਾ ਕਿ 'ਤੂੰ ਸਾਨੂੰ ਮਿਲ਼ਦਾ ਨਹੀਂ, ਅੰਮ੍ਰਿਤਸਰ ਤੋਂ ਹੋ ਕੇ ਮੁੜ ਆਉਂਦਾ ਹੈਂ।'

ਤੇ ਸੰਤ ਜੀ ਮੈਨੂੰ ਇਕੱਲੇ ਨੂੰ ਬਾਹਰ ਦੂਰ ਲੈ ਗਏ। ਸਭ ਲੋਕ ਹੈਰਾਨ ਸਨ ਤੇ ਜਥੇ ਵਾਲੇ ਵੀ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ।

ਸੰਤਾਂ ਨੇ ਲਾਲ਼ਾ ਜਗਤ ਨਰਾਇਣ ਬਾਰੇ ਸਭ ਗੱਲਾਂ ਖੋਲ੍ਹ ਕੇ ਕੀਤੀਆਂ ਕਿ ਸਿੱਖ ਕੌਮ ਲਈ ਕਲੰਕ ਹੈ, ਇਹ ਜ਼ਹਿਰ ਘੋਲ ਰਿਹਾ ਹੈ, ਸਿੱਖਾਂ ਦੇ ਸੀਨੇ ਵਿੱਚ ਬੋਲੀਆਂ ਮਾਰ ਰਿਹਾ ਹੈ, ਕੁਝ ਹੋਣਾ ਚਾਹੀਦਾ ਹੈ ਇਸ ਦੀ ਜ਼ੁਬਾਨ ਬੰਦ ਕਰਨ ਲਈ।

ਮੈਂ ਕਿਹਾ, "ਦੱਸੋ ਜੀ ਕੀ ਸੇਵਾ ਕਰੀਏ? ਜੋ ਕਹੋਗੇ ਕਰਾਂਗੇ।"

ਇੱਥੇ ਹੀ ਸੰਤਾਂ ਨਾਲ਼ ਸਭ ਗੱਲ ਖੁੱਲ੍ਹ ਗਈ। ਸਭ ਵੇਖਣ ਵਾਲ਼ੇ ਹੈਰਾਨ ਸਨ ਕਿ ਸੰਤ ਜੀ ਤਾਂ ਇਕੱਲੇ ਕਿਸੇ ਨਾਲ਼ ਗੱਲ ਨਹੀਂ ਕਰਦੇ, ਇਹ ਕੀ ਹੋ ਰਿਹਾ ਹੈ? ਸੋ ਅਸੀਂ ਇੱਕ ਘੰਟਾ ਗੱਲਾਂ ਕੀਤੀਆਂ। ਅਖੀਰ ਸੰਤਾਂ ਨੇ ਮੇਰੇ ਨਾਲ਼ ਹਰ ਤਰ੍ਹਾਂ ਦੀ ਗੱਲ ਕੀਤੀ। ਨਾਲ਼ ਹੀ ਸੰਤਾਂ ਨੇ ਕਿਹਾ ਕਿ ਹਥਿਆਰ ਘੱਟ ਹਨ, ਆਉਣ ਵਾਲ਼ਾ ਸਮਾਂ ਖ਼ਤਰਨਾਕ ਆ ਰਿਹਾ ਹੈ, ਤੂੰ ਕੋਈ ਪ੍ਰਬੰਧ ਕਰ, ਪੁਰਾਣਾ ਬੰਦਾ ਹੈਂ, ਤੁਰਿਆ-ਫਿਰਿਆ ਹੈਂ।

ਉਸ ਵਕਤ ਜਥੇ ਕੋਲ਼ ਸਾਰੇ ਲਾਇਸੰਸੀ ਹਥਿਆਰ ਹੀ ਸਨ, ਲੋਕਾਂ ਦੇ ਹੀ ਸਨ, ਲੋਕ ਦੇ

ਜਾਂਦੇ ਸਨ ਰਾਖੀ ਲਈ।

ਮੈਂ ਇਸ ਤੋਂ ਬਾਅਦ ਕਾਫ਼ੀ 303 ਬੋਰ ਦੇ ਪਿਸਤੌਲ ਤੇ 315 ਬੋਰ ਦੇ ਪਿਸਤੌਲ ਲਿਆ ਕੇ ਦਿੱਤੇ ਰਾਜਸਥਾਨ ਤੋਂ। ਉਸ ਵਕਤ ਮਿਲ ਜਾਂਦੇ ਸਨ ਤੇ ਸਭ ਦੇਸੀ ਹੀ ਸਨ।

ਲਾਲ਼ੇ ਦੇ ਪਿੱਛੇ

ਸੋ, ਇਸ ਤੋਂ ਬਾਅਦ ਕਈ ਵਾਰ ਮਿਲ਼ਦੇ ਰਹੇ ਸੰਤਾਂ ਨੂੰ, ਤੇ ਲਾਲ਼ੇ ਨੂੰ ਮਾਰਨ ਲਈ ਮੈਂ ਪਿੰਡ ਦਾ ਮੁੰਡਾ ਹੀ ਤਿਆਰ ਕਰ ਲਿਆ ਸੀ, ਕਿਉਂਕਿ ਜਥੇ ਵਿੱਚ ਅਜੇ ਕੋਈ ਮੇਰਾ ਜਾਣੂ ਸਿੰਘ ਨਹੀਂ ਸੀ।

ਸੋ, ਮੈਂ ਹਰ ਵਕਤ ਲਾਲ਼ੇ 'ਤੇ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ। ਉਸ ਵਕਤ ਮੋਟਰ ਸਾਈਕਲ ਕੋਈ ਨਹੀਂ ਸੀ। ਮੇਰੇ ਕੋਲ਼ ਵੀ ਲਾਲ ਰੰਗ ਦੀ ਫੀਏਟ ਕਾਰ ਸੀ, ਮੈਂ ਉਸ ਵਿੱਚ ਹੀ ਜਾਂਦਾ ਸੀ। ਓਧਰ ਸੰਤ ਜੀ ਚਾਹੁੰਦੇ ਸਨ ਕਿ ਅਗਸਤ ਤਕ ਕੰਮ ਹੋ ਜਾਣਾ ਚਾਹੀਦਾ ਹੈ, ਕਿਉਂਕਿ ਅਗਸਤ ਵਿੱਚ 2 ਭਾਦਰੋਂ ਨੂੰ ਸੰਤ ਕਰਤਾਰ ਸਿੰਘ ਜੀ ਦੀ ਬਰਸੀ ਹੁੰਦੀ ਹੈ ਤੇ ਓਥੇ ਇਕੱਠ ਬਹੁਤ ਹੁੰਦਾ ਸੀ। ਸੰਤ ਕਹਿੰਦੇ ਸਨ ਕਿ ਉਸ ਵੇਲ਼ੇ ਤਕ ਕੰਮ ਹੋ ਜਾਵੇ ਤਾਂ ਪੂਰੀ ਸ਼ਾਨੋ-ਸ਼ੌਕਤ ਨਾਲ਼ ਮੇਲਾ ਭਰੇਗਾ।

ਸਭ ਤੋਂ ਪਹਿਲਾਂ ਲਾਲ਼ੇ ਦਾ ਪ੍ਰੋਗਰਾਮ ਕੁਰੂਕਸ਼ੇਤਰ ਮਾਰਨ ਦਾ ਬਣਿਆ, ਹਰਿਆਣੇ ਵਿੱਚ। ਓਥੇ ਸੂਰਜ ਗ੍ਰਹਿਣ ਦਾ ਮੇਲਾ ਸੀ ਬਹੁਤ ਭਾਰੀ, 10 ਲੱਖ ਦਾ ਇਕੱਠ ਸੀ। ਅਸੀਂ ਵੀ ਦੋਵੇਂ ਜਣੇ ਪਹੁੰਚ ਗਏ। ਇੱਥੇ ਇਕੱਠ ਵਿੱਚ ਲੱਭਣਾ ਮੁਸ਼ਕਿਲ ਸੀ ਪਰ ਫਿਰ ਵੀ ਥਾਂ ਤਾਂ ਭਾਲ਼ ਲਈ, ਜਿੱਥੇ ਠਹਿਰਿਆ ਸੀ। ਪਰ ਓਧਰ ਹੋਰ ਹਰਿਆਣੇ ਦੇ ਵਜ਼ੀਰ ਵੀ ਠਹਿਰੇ ਹੋਏ ਸਨ ਤੇ ਪੁਲੀਸ ਦਾ ਪਹਿਰਾ ਬਹੁਤ ਸੀ। ਅੰਦਰ ਮਾਰਨਾ ਮੁਸ਼ਕਿਲ ਸੀ, ਬਾਹਰ ਵੀ ਉਸ ਕੋਲ਼ ਕਾਰ ਹੋਣ ਕਾਰਨ ਮੁਸ਼ਕਿਲ ਸੀ। ਸੋ ਕੋਸ਼ਿਸ਼ ਬੜੀ ਕੀਤੀ ਪਰ ਸਫਲ ਨਹੀਂ ਹੋ ਸਕੇ। ਉਹ ਕਾਰ 'ਤੇ ਚੜ੍ਹ ਕੇ ਵਾਪਸ ਜਲੰਧਰ ਆ ਗਿਆ। ਅਸੀਂ ਬੱਸ 'ਤੇ ਹੀ ਆਏ, ਕੋਈ ਮੇਲ ਨਹੀਂ ਸੀ ਕਾਰ ਨਾਲ਼ ਸਾਡਾ। ਸੋ, ਇਸ ਤੋਂ ਬਾਅਦ ਹੀ ਮੈਂ ਸੰਤਾਂ ਨੂੰ ਮੋਟਰ ਸਾਈਕਲ ਬੁਲੇਟ ਦੀ ਸਲਾਹ ਦਿੱਤੀ ਕਿ ਜੇ ਮੋਟਰ ਸਾਈਕਲ ਹੋਵੇ ਤਾਂ ਜਲਦੀ ਕੰਮ ਹੋ ਸਕਦਾ ਹੈ। ਸੰਤਾਂ ਨੇ ਮੋਟਰ ਸਾਈਕਲ ਕਿਸੇ ਤੋਂ ਦਿਵਾ ਦਿੱਤਾ, ਵਧੀਆ ਬੁਲੇਟ। ਇਹ ਪਹਿਲੀ ਵਾਰ ਪੰਜਾਬ ਵਿੱਚ ਅਸੀਂ ਹੀ ਮੋਟਰ ਸਾਈਕਲ ਵਰਤਿਆ ਸੀ। ਬਾਅਦ ਵਿੱਚ ਦੂਜੀ ਵਾਰ ਭਾਈ ਵਧਾਵਾ ਸਿੰਘ, ਭਾਈ ਤਰਸੇਮ ਸਿੰਘ ਹੋਰਾਂ ਨੇ ਵਰਤਿਆ ਸੀ ਸੈਕਟਰੀਏਟ ਚੰਡੀਗੜ੍ਹ ਵਿਖੇ ਨਿਰੰਕਾਰੀ ਨਿਰੰਜਣ ਸਿੰਘ ਨੂੰ ਮਾਰਨ ਵੇਲ਼ੇ, ਪਰ ਸਭ ਤੋਂ ਪਹਿਲਾਂ ਅਸੀਂ ਹੀ ਮੋਟਰ ਸਾਈਕਲ ਦੀ ਵਰਤੋਂ ਕੀਤੀ ਸੀ ਐਕਸ਼ਨ ਕਰਨ ਲਈ।

ਦੂਸਰੀ ਵਾਰ ਲਾਲ਼ੇ ਨੂੰ ਮਾਰਨ ਦਾ ਪ੍ਰੋਗਰਾਮ ਹਰਿਆਣੇ ਦੇ ਜ਼ਿਲ੍ਹੇ ਜਮਨਾ ਨਗਰ ਦੇ ਸ਼ਹਿਰ ਜਗਾਧਰੀ ਦਾ ਬਣਿਆ। ਅਸੀਂ ਪਹੁੰਚ ਗਏ ਪਰ ਉਹ ਨਹੀਂ ਇੱਥੇ ਆਇਆ। ਲਾਲ਼ੇ ਨੇ ਇੱਥੇ ਇੱਕ ਹਿੰਦੂ ਜਲੂਸ ਦੀ ਅਗਵਾਈ ਕਰਨੀ ਸੀ। ਮੇਰੇ ਕੋਲ਼ ਉਸ ਵਕਤ ਮੋਟਰ ਸਾਈਕਲ ਸੀ ਪਰ ਇਹ ਸਮਾਂ ਵੀ ਖ਼ਾਲੀ ਹੀ ਗਿਆ। ਸੰਤਾਂ ਨੂੰ ਵਾਪਸ ਆ ਕੇ ਸਭ ਦੱਸਿਆ ਤਾਂ ਉਹ ਬੜੀ ਉਡੀਕ ਕਰ ਰਹੇ ਸਨ ਕਿ ਕਦੋਂ ਖ਼ਬਰ ਆਵੇ। ਉਹ ਸਾਰਾ ਦਿਨ ਹੀ ਰੇਡੀਓ ਸੁਣ ਰਹੇ ਸਨ ਪਰ ਸਭ ਖ਼ਾਲੀ ਗਿਆ। ਸੰਤ ਜੀ ਅਫ਼ਸੋਸ ਕਰਨ ਲੱਗੇ ਕਿ 2 ਭਾਦਰੋਂ ਤਕ ਨਹੀਂ ਮਰੇਗਾ।

ਤੀਜੀ ਵਾਰ ਮਲੇਰਕੋਟਲੇ ਦਾ ਪ੍ਰੋਗਰਾਮ ਸੀ ਲਾਲ਼ੇ ਦਾ, ਉਸ ਨੇ ਇੱਕ ਹਿੰਦੂ ਇਕੱਠ ਨੂੰ ਸੰਬੋਧਨ ਕਰਨਾ ਸੀ, ਪਰ ਇੱਥੇ ਵੀ ਨਹੀਂ ਆਇਆ, ਬਿਮਾਰ ਹੋਣ ਦੀ ਖ਼ਬਰ ਆ ਗਈ। ਇਹ ਪ੍ਰੋਗਰਾਮ ਰਾਤ ਦਾ ਸੀ ਤੇ ਮੈਨੂੰ ਖ਼ੁਸ਼ੀ ਸੀ ਕਿ ਅੱਜ ਕੰਮ ਹਰ ਹਾਲਤ ਵਿੱਚ ਬਣ ਜਾਵੇਗਾ। ਮੈਂ ਸਟੇਜ ਦੇ ਮੂਹਰੇ ਬੈਠਾ ਸੀ, ਪਰ ਫਿਰ ਖ਼ਬਰ ਮਿਲੀ ਕਿ ਲਾਲਾ ਜਗਤ ਨਰਾਇਣ ਨਹੀਂ ਆ ਰਹੇ, ਸੋ ਫਿਰ ਖ਼ਾਲੀ ਗਿਆ ਇਹ ਪ੍ਰੋਗਰਾਮ ਵੀ।

ਇਸ ਤੋਂ ਬਾਅਦ ਸੰਤਾਂ ਨੇ ਵੀ ਆਪਣਾ ਪ੍ਰੋਗਰਾਮ ਪੂਰੇ ਭਾਰਤ ਦੇ ਦੌਰੇ ਦਾ ਰੱਖ ਲਿਆ, ਕਿਉਂਕਿ 2 ਭਾਦਰੋਂ ਨਿਕਲ਼ ਗਈ ਸੀ ਤੇ ਕੰਮ ਨਹੀਂ ਸੀ ਬਣਿਆ। ਜਥੇ ਵਾਲੇ ਵੀ ਹੈਰਾਨ ਸਨ ਕਿ

ਇਹ ਮੋਟਰ ਸਾਈਕਲ ਲੈ ਕੇ ਕਿੱਥੇ ਜਾਂਦੇ ਹਨ, ਕਿੱਥੋਂ ਆਉਂਦੇ ਹਨ। ਕਾਫ਼ੀ ਸ਼ੱਕ ਹੋ ਰਹੀ ਸੀ ਤੇ ਕੁਝ ਖ਼ਾਸ ਸੰਤਾਂ ਦੇ ਨਜ਼ਦੀਕੀਆਂ ਨੂੰ ਪਤਾ ਵੀ ਲੱਗ ਗਿਆ ਸੀ ਕਿ ਲਾਲਾ ਜਗਤ ਨਰਾਇਣ ਖ਼ਤਮ ਹੋਣ ਵਾਲਾ ਹੈ। ਸੋ, ਸੰਤਾਂ ਨੇ ਮੈਨੂੰ ਕਿਹਾ ਕਿ ਹੁਣ ਲੇਟ ਕਰ ਦਿਓ, ਇਹ ਕੰਮ ਦੌਰੇ ਤੋਂ ਬਾਅਦ ਹੀ ਹੁਣ ਕਰਨਾ ਤਾਂ ਕਿ ਰਸਤੇ ਵਿੱਚ ਕੋਈ ਰੁਕਾਵਟ ਨਾ ਪੇਸ਼ ਆਵੇ, ਕਿਉਂਕਿ ਸਰਕਾਰ ਤੇ ਪੁਲੀਸ ਨੂੰ ਪਤਾ ਸੀ ਕਿ ਜਦੋਂ ਲਾਲੇ ਨੂੰ ਕੁਝ ਹੋਇਆ ਤਾਂ ਸੰਤਾਂ ਦੇ ਰਾਹੀਂ ਹੀ ਹੋਵੇਗਾ, ਭਾਈ ਰਣਜੀਤ ਸਿੰਘ ਵੀ ਰੂਪੋਸ਼ ਹੀ ਸਨ ਉਸ ਵਕਤ, ਪਰ ਉਹ ਪੰਜਾਬ ਵਿੱਚ ਨਹੀਂ ਸਨ, ਬੰਬਈ ਵਿਖੇ ਸਨ।

ਸੋ, ਜਿੰਨੇ ਵੀ ਹਥਿਆਰ ਸਨ, ਉਹ ਵੀ ਜਥੇ ਨਾਲ ਹੀ ਜਾਣੇ ਸਨ ਤੇ ਇੱਕ ਸਾਲ ਦਾ ਪ੍ਰੋਗਰਾਮ ਸੀ ਪੂਰੇ ਭਾਰਤ 'ਚ ਪ੍ਰਚਾਰ ਕਰਨ ਦਾ। ਵੱਡੇ ਸ਼ਹਿਰਾਂ- ਦਿੱਲੀ, ਬੰਬਈ, ਕਲਕੱਤਾ, ਮਦਰਾਸ ਤੇ ਹੋਰ ਸਭ ਸ਼ਹਿਰਾਂ ਦਾ, ਜਿੱਥੇ ਸਿੱਖ ਸੰਗਤਾਂ ਬਹੁਤ ਸਨ। ਸੰਤਾਂ ਨੇ ਮੈਨੂੰ ਵੀ ਨਾਲ ਹੀ ਚੱਲਣ ਲਈ ਕਿਹਾ।

ਮੈਂ ਸੰਤਾਂ ਨੂੰ ਕਿਹਾ ਕਿ ਮੈਂ ਕਾਰੋਬਾਰ ਠੀਕ ਕਰ ਆਵਾਂ, ਕਿਸੇ ਨੂੰ ਕੰਮ ਧੰਦੇ ਦੀ ਜ਼ੁੰਮੇਵਾਰੀ ਸੰਭਾਲ ਆਵਾਂ।

ਅਸੀਂ ਮੋਗੇ ਦੇ ਪਿੰਡ ਮਨਾਵਾਂ ਵਿਖੇ ਠਹਿਰੇ ਸਾਂ। ਸੰਤ ਜੀ ਹਫ਼ਤੇ ਤੋਂ ਇੱਥੇ ਪ੍ਰਚਾਰ ਕਰ ਰਹੇ ਸਨ ਤੇ ਇੱਥੋਂ ਹੀ ਅੱਗੇ ਪੰਜਾਬ ਤੋਂ ਬਾਹਰ ਜਾਣਾ ਸੀ। ਮੈਂ ਸੰਤਾਂ ਨਾਲ ਇੱਕ ਘੰਟਾ ਏਕਾਂਤ ਵਿੱਚ ਗੱਲਬਾਤ ਕੀਤੀ। ਇਹ 7 ਸਤੰਬਰ ਦੀ ਗੱਲ ਹੈ। ਅਸੀਂ ਸੰਤਾਂ ਸਮੇਤ ਮੋਗੇ ਆ ਗਏ ਤੇ ਸੰਤ ਜੀ ਇੱਥੋਂ ਸਿੱਧੇ 200 ਸਿੰਘਾਂ ਦੇ ਜਥੇ ਸਮੇਤ ਚੰਦੋ ਕਲਾਂ ਹਰਿਆਣਾ ਚਲੇ ਗਏ, ਜਿੱਥੇ 7 ਦਿਨਾਂ ਦੇ ਪ੍ਰਚਾਰ ਦਾ ਪ੍ਰੋਗਰਾਮ ਸੀ। ਮੈਂ ਪਿੰਡ ਰੋਡੇ ਚਲਾ ਗਿਆ ਤੇ ਲਾਲੇ ਦੇ ਮਾਰਨ ਦਾ ਪ੍ਰੋਗਰਾਮ ਕੈਂਸਲ ਹੋ ਗਿਆ। ਹਥਿਆਰ ਵੀ ਸਭ ਛੋਟੇ-ਵੱਡੇ ਸੰਤਾਂ ਦੇ ਨਾਲ ਹੀ ਭੇਜ ਦਿੱਤੇ ਸਨ, ਕਿਉਂਕਿ ਨਕਲੀ ਨਿਰੰਕਾਰੀਆਂ ਨਾਲ ਦੌਰੇ ਸਮੇਂ ਕਿਸੇ ਵੀ ਥਾਂ ਟੱਕਰ ਹੋ ਸਕਦੀ ਸੀ।

ਲਾਲਾ ਜਗਤ ਨਰਾਇਣ ਕਤਲ

8 ਸਤੰਬਰ ਨੂੰ ਅਚਾਨਕ ਇੱਕ ਜਲੰਧਰ ਦਾ ਸਿੰਘ ਮੇਰੇ ਕੋਲ ਆਇਆ। ਉਸ ਦੇ ਨਾਲ ਸੰਤਾਂ ਦਾ ਭਤੀਜਾ ਸਵਰਨ ਸਿੰਘ ਵੀ ਸੀ, ਪਰ ਉਸ ਨੂੰ ਇਸ ਲਾਲੇ ਦੇ ਪ੍ਰੋਗਰਾਮ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰ ਨਾਲ ਦੇ ਜਲੰਧਰ ਵਾਲੇ ਮੇਰੇ ਵਰਕਰ ਨੇ ਕੁਝ ਕੁਝ ਹਿੰਟ ਲਾਲੇ ਬਾਰੇ ਦੇ ਦਿੱਤੇ ਸਨ। ਉਸ ਨੇ ਦੱਸਿਆ ਕਿ ਕੱਲ੍ਹ 9 ਸਤੰਬਰ ਨੂੰ ਲਾਲਾ ਜਗਤ ਨਰਾਇਣ ਪਟਿਆਲੇ ਜਾ ਰਿਹਾ ਹੈ। ਦੇਸ ਰਾਜ ਦੀ ਧਰਮਸ਼ਾਲਾ ਵਿੱਚ ਪ੍ਰੋਗਰਾਮ ਹੈ ਤੇ ਜਾਣਾ ਵੀ ਜ਼ਰੂਰ ਹੈ, ਗੰਨਮੈਨ ਵੀ ਕੋਈ ਨਹੀਂ ਹੋਵੇਗਾ, ਸਿਰਫ਼ ਡਰਾਈਵਰ ਹੀ ਹੋਵੇਗਾ ਨਾਲੇ ਫੀਏਟ ਕਾਰ 'ਤੇ। ਮੈਂ ਤਾਂ ਇਰਾਦਾ ਢਿੱਲਾ ਕਰ ਦਿੱਤਾ ਕਿ ਸੰਤ ਮਨ੍ਹਾ ਕਰ ਕੇ ਗਏ ਹਨ ਤੇ ਹਥਿਆਰ ਵੀ ਨਹੀਂ ਹਨ, ਪਰ ਮੌਕਾ ਮਿਲਿਆ ਸੀ।


ਭਾਈ ਸਵਰਨ ਸਿੰਘ ਰੋਡੇ

ਸੀ.ਆਈ.ਡੀ. ਪੱਕੀ ਸੀ ਕਿ ਹਰ ਹਾਲਤ ਵਿੱਚ ਉਸ ਨੇ ਪਟਿਆਲੇ ਜਾਣਾ ਹੈ। ਦੂਜਾ, ਜੋ ਮੇਰੇ ਨਾਲ ਪਹਿਲਾਂ ਮੇਰਾ ਖ਼ਾਸ ਆਦਮੀ ਮਾਰਨ ਲਈ ਚੁਣਿਆ ਹੋਇਆ ਸੀ, ਉਹ ਵੀ ਸੰਤਾਂ ਨਾਲ ਹੀ ਚਲਾ ਗਿਆ ਸੀ ਤੇ ਕੰਮ ਔਖਾ ਸੀ, ਪਰ ਸੰਤਾਂ ਦਾ ਭਤੀਜਾ ਕਾਹਲਾ ਸੀ ਕਿ ਮੈਨੂੰ ਨਾਲ ਲੈ ਕੇ ਚੱਲੋ, ਮੈਂ ਨਾਲ ਜਾਵਾਂਗਾ, ਤੁਸੀਂ ਮੈਨੂੰ ਕਿਉਂ ਨਹੀਂ ਲੈ ਕੇ ਜਾਂਦੇ, ਮੈਂ ਵੀ ਸੇਵਾ ਕਰਨੀ ਹੈ।


ਭਾਈ ਦਲਬੀਰ ਸਿੰਘ

ਮੈਂ ਕਿਹਾ, "ਸੰਤਾਂ ਨੂੰ ਤੇਰੇ ਬਾਰੇ ਪਤਾ ਨਹੀਂ ਹੈ ਫਿਰ ਲੜਨਗੇ, ਜੇ ਕੋਈ ਗੱਲਬਾਤ ਹੋ ਗਈ।"

ਪਰ ਉਹ ਹਰ ਹਾਲਤ ਵਿੱਚ ਜਾਣਾ ਚਾਹੁੰਦਾ ਸੀ। ਸੋ ਹਥਿਆਰਾਂ ਦਾ ਪ੍ਰਬੰਧ ਮੈਂ ਦੋ ਰਿਵਾਲਵਰਾਂ ਦਾ ਇੱਕ ਕਿਸੇ ਖ਼ਾਸ ਬੰਦੇ ਤੋਂ ਕਰ ਲਿਆ। ਇਹ ਦੋਵੇਂ ਹਥਿਆਰ ਲਾਇਸੰਸੀ ਸੀ। ਇੱਕ 32 ਬੋਰ ਤੇ ਇੱਕ 38 ਬੋਰ ਦਾ ਸੀ। ਇੱਕ ਹੋਰ ਜਥੇ ਦਾ ਹੀ ਸਿੰਘ ਜੋ ਸਵਰਨ ਸਿੰਘ ਦਾ ਦੋਸਤ ਸੀ ਦਲਬੀਰ ਸਿੰਘ, ਉਹ ਵੀ ਨਾਲ਼ ਹੀ ਰਲ਼ਾ ਲਿਆ। ਸਵਰਨ ਸਿੰਘ ਤੇ ਮੈਂ ਮੇਰੇ ਕੋਲ਼ ਜੋ ਮੋਟਰ ਸਾਈਕਲ ਸੀ, ਉਸ 'ਤੇ ਬੈਠ ਕੇ ਰਾਤ ਨੂੰ ਹੀ ਘਰੋਂ ਨਿਕਲ਼ ਗਏ।

8 ਸਤੰਬਰ 1981 ਨੂੰ ਸ਼ਾਮ ਦੇ 7 ਵਜੇ ਘਰੋਂ ਹੀ ਰੋਡੇ ਪਿੰਡ ਤੋਂ ਅਸੀਂ ਦੋਵੇਂ (ਮੈਂ ਤੇ ਸਵਰਨ ਸਿੰਘ) ਚੱਲੇ ਸੀ। ਮੇਰੀ ਛੋਟੀ ਜਿਹੀ ਭਤੀਜੀ, ਜੋ ਮਸਾਂ ਹੀ ਗਿਲਾਸ ਚੁੱਕ ਸਕਦੀ ਸੀ, ਉਸ ਨੇ ਦੁੱਧ ਦੇ ਦੋ ਅੱਧੇ-ਅੱਧੇ ਗਿਲਾਸ ਆਪ ਲਿਆ ਕੇ ਦੋਹਾਂ ਨੂੰ ਦੁੱਧ ਦਿੱਤਾ। ਰੋਟੀ ਅਸੀਂ ਖਾ ਲਈ ਸੀ।

8 ਸਤੰਬਰ 1981 ਤੋਂ ਲੈ ਕੇ ਅੱਜ (ਸੰਨ 1996) ਲਿਖਣ ਤਕ ਮੁੜ ਵਾਪਸ ਘਰ ਵੱਲ ਜਾਣ ਦਾ ਮੌਕਾ ਹੀ ਨਹੀਂ ਮਿਲਿਆ। ਉਸ ਭਤੀਜੀ ਦੀ ਸ਼ਾਦੀ ਹੋਈ ਨੂੰ ਵੀ ਇੱਕ ਸਾਲ ਹੋ ਗਿਆ ਹੈ, ਉਸ ਸਮੇਂ ਪੰਜ ਸਾਲ ਦੀ ਸੀ।

ਸੋ, ਅਸੀਂ ਪਿੰਡੋਂ ਚੱਲ ਕੇ ਮਲਸੀਹਾਂ, ਨਕੋਦਰ ਕੋਲ਼ ਰਾਤ 10 ਵਜੇ ਕਿਸੇ ਖ਼ਾਸ ਸਿੰਘ ਕੋਲ਼ ਪਹੁੰਚ ਗਏ। ਓਥੇ ਹੀ ਦਲਬੀਰ ਸਿੰਘ ਸੀ। ਸਵਰਨ ਸਿੰਘ ਤੇ ਦਲਬੀਰ ਸਿੰਘ ਹੋਰਾਂ ਦਾ ਨਵਾਂ ਮੋਟਰ ਸਾਈਕਲ ਵੀ ਓਥੇ ਖੜ੍ਹਾ ਸੀ, ਜੋ 7 ਸਤੰਬਰ ਨੂੰ ਉਹਨਾਂ ਨੇ 14900 ਰੁਪਏ ਦਾ ਲਿਆ ਸੀ। ਉਹ ਮੋਟਰ ਸਾਈਕਲ ਤਾਂ ਵੈਸੇ ਹੀ ਉਹਨਾਂ ਨੇ ਘੁੰਮਣ ਲਈ ਲਿਆ ਸੀ, ਇਸ ਕੰਮ ਲਈ ਨਹੀਂ ਸੀ, ਪਰ ਉਹ ਜ਼ੋਰ ਪਾਉਣ ਲੱਗੇ ਕਿ ਨਵਾਂ ਮੋਟਰ ਸਾਈਕਲ ਲੈ ਕੇ ਜਾਣਾ ਹੈ, ਉਦਘਾਟਨ ਪੰਜਾਬ ਵਿੱਚ ਨਵੇਂ 'ਤੇ ਹੀ ਕਰਨਾ ਹੈ। ਪੰਜਾਬ ਵਿੱਚ ਇਹ ਪਹਿਲਾ ਹੀ ਵਾਕਿਆ ਹੋਣਾ ਸੀ, ਅਜੇ ਤਕ ਇਸ ਤੋਂ ਪਹਿਲਾਂ ਕੁਝ ਨਹੀਂ ਸੀ ਹੋਇਆ। ਮੇਰੇ ਵਾਲ਼ਾ ਮੋਟਰ ਸਾਈਕਲ ਮੇਰੇ ਹੱਥ ਚੜ੍ਹਿਆ ਸੀ ਤੇ ਸਭ ਤਰ੍ਹਾਂ ਨਾਲ਼ ਮੇਰਾ ਫਿੱਟ ਕੀਤਾ ਹੋਇਆ ਸੀ ਤਾਂ ਕਿ ਤੇਲ ਵਧਾਉਣ 'ਤੇ ਵੱਧ ਤੋਂ ਵੱਧ ਭੱਜ ਸਕੇ, ਪਰ ਉਹਨਾਂ ਦੇ ਜ਼ੋਰ ਪਾਉਣ ਕਾਰਨ ਅਸੀਂ ਨਵੇਂ ਮੋਟਰਸਾਈਕਲ 'ਤੇ ਹੀ ਚੱਲ ਪਏ ਤੇ ਮਲਸੀਹਾਂ ਤੋਂ ਪਟਿਆਲ਼ੇ ਚਲੇ ਗਏ।

ਪਟਿਆਲ਼ੇ ਜਾ ਕੇ ਉਹ ਧਰਮਸ਼ਾਲਾ ਮੁਸ਼ਕਲ ਨਾਲ਼ ਹੀ ਮਿਲ਼ੀ, ਪਰ ਲਾਲ਼ਾ ਨਹੀਂ ਸੀ ਆਇਆ। ਕੁਝ ਸਮਾਂ ਉਡੀਕਣ ਤੋਂ ਬਾਅਦ ਸਾਢੇ ਤਿੰਨ ਵਜੇ ਉਹ ਫੀਏਟ ਕਾਰ ਵਿੱਚ ਆ ਗਿਆ। ਓਥੇ ਇਕੱਠ ਬਹੁਤ ਜ਼ਿਆਦਾ ਸੀ। ਮਾਰਨਾ ਓਥੇ ਠੀਕ ਨਹੀਂ ਸੀ। ਉਸ ਨੇ ਵਾਪਸ ਪਟਿਆਲ਼ੇ ਤੋਂ ਸਰਹੰਦ ਸੜਕ ਰਾਹੀਂ ਆਉਣਾ ਸੀ, ਸੋ ਅਸੀਂ ਰਸਤੇ ਵਿੱਚ ਨਹਿਰ ਕੋਲ਼ ਮਾਰਨ ਦੀ ਸਕੀਮ ਬਣਾ ਲਈ। ਓਥੇ ਰਸਤਾ ਖ਼ਾਲੀ ਹੁੰਦਾ ਹੈ, ਟਰੈਫ਼ਿਕ ਵੀ ਨਹੀਂ ਹੁੰਦਾ। ਸੋ, ਅਸੀਂ ਵਾਪਸ ਆਉਂਦੇ ਮਗਰ ਲੱਗ ਗਏ। ਕਾਰ ਅੱਗੇ ਸੀ ਤੇ ਅਸੀਂ ਪਿੱਛੇ ਸੀ। ਮੋਟਰ ਸਾਈਕਲ ਮੈਂ ਹੀ ਚਲਾਉਂਦਾ ਸੀ, ਉਹ ਅਜੇ ਮੋਟਰਸਾਈਕਲ ਚਲਾਉਣ 'ਚ ਟਰੇਂਡ ਨਹੀਂ ਸੀ। ਹਥਿਆਰ ਦੋ ਹੀ ਸਨ, ਤੀਜਾ ਮੈਂ ਖ਼ਾਲੀ ਹੱਥ ਹੀ ਸੀ। ਫੀਏਟ ਕਾਰ ਤੇਜ਼ ਬਹੁਤ ਸੀ। ਮੋਟਰ ਸਾਈਕਲ ਨਵਾਂ ਹੋਣ ਕਰ ਕੇ ਜ਼ਿਆਦਾ ਭੱਜਦਾ ਨਹੀਂ ਸੀ ਤੇ ਗ਼ਰਮ ਹੁੰਦਾ ਸੀ।

ਸੋ, ਲੁਧਿਆਣੇ ਤਕ ਕਾਰ ਦੇ ਨਾਲ਼ ਮੋਟਰ ਸਾਈਕਲ ਨਹੀਂ ਰਲ਼ ਸਕਿਆ, ਅੱਧਾ ਕਿੱਲੋਮੀਟਰ ਦੀ ਵਿੱਥ ਪਈ ਰਹੀ। ਪਰ ਲੁਧਿਆਣੇ ਆ ਕੇ ਜਲੰਧਰ ਵਾਲ਼ੇ ਪਾਸੇ ਚੁੰਗੀ ਦੇ ਕੋਲ਼ ਜੋ ਵੱਡਾ ਪੁਲ਼ ਹੈ, ਜਿੱਥੇ ਰੇਲ ਗੱਡੀ ਥੱਲੇ ਦੀ ਲੰਘਦੀ ਹੈ ਤੇ ਬਾਕੀ ਗੱਡੀਆਂ ਉੱਪਰੋਂ ਲੰਘਦੀਆਂ ਹਨ; ਓਥੇ ਮੋੜ ਹੈ, ਬਹੁਤ ਵੱਡਾ ਜੀ.ਟੀ. ਰੋਡ ਦੇ ਉੱਤੇ ਹੀ। ਸੜਕ ਬਣ ਰਹੀ ਸੀ ਤੇ ਕਾਰ ਹੌਲ਼ੀ ਹੋ ਗਈ। ਮੈਂ ਮੋਟਰ ਸਾਈਕਲ ਨੇੜੇ ਲੈ ਆਂਦਾ ਤੇ ਦੋਹਾਂ ਨੂੰ ਕਿਹਾ ਕਿ ਹੱਥਾਂ ਵਿੱਚ ਹਥਿਆਰ ਫੜ ਲਉ।

ਅੱਗੇ ਪਿੱਛੇ ਬੱਸਾਂ, ਕਾਰਾਂ ਤੇ ਟਰੱਕ ਆ ਜਾ ਰਹੇ ਸਨ।

ਮੈਂ ਮੋਟਰ ਸਾਈਕਲ ਬਿਲਕੁਲ ਬਰਾਬਰ ਲਾ ਦਿੱਤਾ। ਕਾਰ ਦੀ ਬਾਰੀ ਦੇ ਨੇੜੇ ਜਾ ਕੇ ਮੈਂ ਕਿਹਾ, "ਫ਼ਾਇਰ ਮਾਰੋ....।

" ਉਹਨਾਂ ਦੋਹਾਂ ਨੇ ਫ਼ਾਇਰ ਕਰ ਦਿੱਤੇ।

ਚੱਲਦੀ ਕਾਰ ਸੀ ਤੇ ਚੱਲਦਾ ਹੀ ਮੋਟਰ ਸਾਈਕਲ, ਫ਼ਾਇਰ ਕਿਸੇ ਦੇ ਵੀ ਨਹੀਂ ਵੱਜਾ ਤੇ ਉਹ ਬਚ ਗਏ, ਪਰ ਕਾਰ ਉਹਨਾਂ ਨੇ ਫੱਟ ਰੋਕ ਲਈ ਤੇ ਰੌਲ਼ਾ ਪਾ ਦਿੱਤਾ।

ਟਰੈਫ਼ਿਕ ਬਹੁਤ ਸੀ। ਸੜਕ 'ਤੇ ਮੋਟਰ ਸਾਈਕਲ ਚੱਲਦਾ ਹੋਣ ਕਰ ਕੇ ਕਾਰ ਤੋਂ 10 ਗਜ਼ ਅੱਗੇ ਨਿਕਲ ਗਿਆ। ਮੈਂ ਮੋਟਰ ਸਾਈਕਲ ਰੋਕ ਲਿਆ ਤੇ ਵੇਖਿਆ ਕਿ ਉਹ 'ਕਾਰ ਵਾਪਸ ਮੋੜ ਰਹੇ ਹਨ...ਤੇ ਕਾਰ ਕੱਚੇ ਵਿੱਚ ਉੱਤਰ ਗਈ।

ਮੈਂ ਕਿਹਾ, "ਨਵੇਂ ਸਿਰੇ ਚੱਲ ਕੇ ਗੋਲ਼ੀ ਮਾਰੋ....ਛੱਡਣਾ ਨਹੀਂ ਫਿਰ ਨਹੀਂ ਮਰੇਗਾ ਕਦੇ ਵੀ..., ਹੁਣ ਤਾਂ ਜੋ ਹੋਣਾ ਸੀ, ਉਹ ਹੋ ਗਿਆ....ਚੌਕਸ ਤਾਂ ਕਰ ਦਿੱਤਾ ਹੈ...।" ਉੱਪਰ ਬੈਠੇ ਨੇ ਹੀ ਮੈਂ ਮੋਟਰ ਸਾਈਕਲ ਪਿੱਛੇ ਮੋੜ ਲਿਆ ਤੇ ਰਿਵਾਲਵਰ ਇੱਕ ਹੱਥ ਵਿੱਚ ਨੰਗਾ ਹੀ ਫੜ ਲਿਆ। ਸ਼ਰੇਆਮ ਸਭ ਲੋਕ ਵੇਖ ਰਹੇ ਸਨ। ਬੱਸਾਂ, ਕਾਰਾਂ, ਟਰੱਕ ਸਭ ਰੁਕ ਗਏ। ਮੈਂ ਸਭ ਨੂੰ ਹੱਥ ਦੇ ਦਿੱਤਾ ਤੇ ਡਰਾਈਵਰ ਤੋਂ ਕਾਰ ਭਜਾਈ ਨਾ ਗਈ। ਡਰਾਈਵਰ ਪੰਡਤ ਸੀ, ਡਰ ਗਿਆ ਤੇ ਕਾਰ ਰੁਕ ਗਈ। ਮੈਂ ਬਿਲਕੁਲ ਬਰਾਬਰ ਲਾ ਕੇ, ਰੋਕ ਕੇ ਮੋਟਰ ਸਾਈਕਲ, ਪੈਰ ਥੱਲੇ ਲਾ ਕੇ ਸ਼ੀਸ਼ੇ ਵਿੱਚ ਦੀ ਚਾਰ ਗੋਲ਼ੀਆਂ ਦੋ ਸਿਰ ਵਿੱਚ ਤੇ ਦੋ ਪਿਛਲੇ ਪਾਸੇ ਮਾਰੀਆਂ.... ਤੇ ਥਾਂ 'ਤੇ ਹੀ ਲਿਟ ਗਿਆ ਲਾਲ਼ਾ। ਡਰਾਈਵਰ ਦੇ ਵੀ ਮੂੰਹ 'ਤੇ ਇੱਕ ਗੋਲ਼ੀ ਲੱਗ ਗਈ, ਉਸ ਨੂੰ ਗੋਲ਼ੀ ਮਾਰਨ ਦਾ ਕੋਈ ਇਰਾਦਾ ਨਹੀਂ ਸੀ, ਪਰ ਉਹ ਫੱਟੜ ਹੋ ਗਿਆ। ਉਸ ਦੀ ਗਵਾਹੀ 'ਤੇ ਹੀ ਬਾਅਦ ਵਿੱਚ ਮੈਨੂੰ ਉਮਰ ਕੈਦ ਹੋਈ।

ਐਕਸ਼ਨ ਕਰ ਕੇ ਮੈਂ ਰਿਵਾਲਵਰ ਸਾਥੀ ਨੂੰ ਫੜਾ ਦਿੱਤਾ ਤੇ ਮੋਟਰ ਸਾਈਕਲ ਜਲੰਧਰ ਵੱਲ ਮੋੜ ਲਿਆ। ਸਭ ਪਾਸੇ ਰੌਲ਼ਾ ਪੈ ਗਿਆ; ਬੱਸਾਂ, ਕਾਰਾਂ, ਟਰੱਕਾਂ ਵਿੱਚ ਕਿ 'ਲਾਲਾ ਜਗਤ ਨਰਾਇਣ ਮਾਰ ਦਿੱਤਾ', ਹਾਹਾਕਾਰ ਮੱਚ ਗਈ। ਕੁਦਰਤੀ ਮਾਰਨ ਤੋਂ ਬਾਅਦ ਰਿਵਾਲਵਰ ਉਹਨਾਂ ਨੂੰ ਫੜਾ ਕੇ ਜਦੋਂ ਮੋਟਰ ਸਾਈਕਲ ਤੋਰਨ ਲੱਗੇ ਤਾਂ ਕਲੱਚ ਪਲੇਟਾਂ ਜਵਾਬ ਦੇ ਗਈਆਂ। ਨਵਾਂ ਹੋਣ ਕਾਰਨ ਮੋਟਰ ਸਾਈਕਲ ਗਰਮ ਹੋ ਗਿਆ। ਬੜੀ ਕੋਸ਼ਿਸ਼ ਕੀਤੀ ਚਲਾਉਣ ਦੀ, ਪਰ ਜਵਾਬ ਦੇ ਗਿਆ। 5-7 ਮਿੰਟ ਤਾਂ ਵੇਖਿਆ ਸ਼ਾਇਦ ਚੱਲ ਪਵੇ, ਪਰ ਗੱਲ ਨਹੀਂ ਬਣੀ। ਹੁਣ ਦਿਨ ਅਜੇ ਇੱਕ ਘੰਟਾ ਖੜ੍ਹਾ ਸੀ, ਲੋਕ ਬਹੁਤ ਸਨ, ਚਾਰ-ਚੁਫੇਰੇ ਰੌਲ਼ਾ ਪੈ ਗਿਆ ਤੇ ਇਹ ਵੀ ਪਤਾ ਲੱਗ ਗਿਆ ਕਿ ਮੋਟਰ ਸਾਈਕਲ ਖ਼ਰਾਬ ਹੋ ਗਿਆ ਹੈ... ਤੇ ਅਸੀਂ ਮੋਟਰ ਸਾਈਕਲ ਛੱਡ ਦਿੱਤਾ ਓਥੇ ਹੀ। ਮੋਟਰ ਸਾਈਕਲ ਕਿਸੇ ਦੇ ਨਾਂ ਨਹੀਂ ਸੀ, ਜਾਲ੍ਹੀ ਨਾਂ 'ਤੇ ਲਿਆ ਸੀ ਤੇ ਹੁਣ ਵੀ ਥਾਣੇ ਹੀ ਖੜ੍ਹਾ ਹੈ, ਬਿਲਕੁਲ ਨਵਾਂ ਹੈ।

ਹੁਣ ਮੈਂ ਖ਼ਾਲੀ ਹੱਥ ਸੀ, ਹਥਿਆਰ ਦੋਵੇਂ ਹੀ ਉਹਨਾਂ ਕੋਲ਼ ਸਨ ਤੇ ਅਸੀਂ ਸਰਕੰਡਿਆਂ ਵਿੱਚ ਦੀ ਭੱਜ ਪਏ। ਥੋੜ੍ਹੀ ਦੂਰ ਜਾਣ 'ਤੇ ਸਵਰਨ ਸਿੰਘ ਇੱਕ ਪੁਰਾਣੇ ਖੂਹ ਵਿੱਚ ਡਿੱਗ ਪਿਆ ਤੇ ਉਸ ਨੂੰ ਕੱਢਦਿਆਂ ਅੱਧਾ ਘੰਟਾ ਲੱਗ ਗਿਆ...ਤੇ ਲੋਕਾਂ ਨੇ ਘੇਰਾ ਪਾ ਲਿਆ। ਅਸੀਂ ਜੀ.ਟੀ. ਰੋਡ ਤੋਂ ਕੋਈ ਚਾਰ-ਪੰਜ ਕਿੱਲੇ ਦੀ ਵਿੱਥ 'ਤੇ ਸੀ। ਲੋਕਾਂ ਨੇ ਮੈਨੂੰ ਖ਼ਾਲੀ ਹੱਥ ਵੇਖ ਕੇ ਇਕੱਲੇ ਨੂੰ ਹੀ ਜ਼ਿਆਦਾ ਕੋਸ਼ਿਸ਼ ਕੀਤੀ ਫੜਨ ਦੀ। ਓਧਰ ਹਨੇਰਾ ਹੋ ਰਿਹਾ ਸੀ ਤੇ ਰੌਲ਼ਾ ਪੈ ਹੀ ਗਿਆ ਸੀ ਲਾਲ਼ੇ ਨੂੰ ਮਾਰਨ ਦਾ। ਸਾਰਿਆਂ ਨੇ ਰਲ਼ ਕੇ ਝੋਨੇ ਦੇ 10 ਕਿੱਲੇ ਦੇ ਖੇਤ ਵਿੱਚ ਮੈਨੂੰ ਘੇਰ ਲਿਆ ਤੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਮੈਂ ਥੱਕ ਕੇ ਖੜ੍ਹ ਗਿਆ।

ਗ੍ਰਿਫ਼ਤਾਰੀ

ਖ਼ਾਲੀ ਹੱਥ ਤਾਂ ਸੀ, ਸੋ ਮੈਨੂੰ ਲੋਕਾਂ ਨੇ ਫੜ ਲਿਆ। ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਕੌਣ ਹਾਂ ਮੈਂ, ਤੇ ਨਾ ਹੀ ਇਹ ਪਤਾ ਸੀ ਕਿ ਲਾਲ਼ੇ ਨੂੰ ਕਿਉਂ ਮਾਰਿਆ ਹੈ। ਜਦੋਂ ਕੋਈ ਰਾਹ ਨਾ ਜਾਂਦੀ ਵੇਖੀ

ਤਾਂ ਮੈਂ ਨਾਹਰੇ ਮਾਰਨ ਲੱਗ ਪਿਆ। ਹੁਣ ਲੋਕ ਸੁਣ ਕੇ ਡਰ ਗਏ ਕਿ ਇਹ ਤਾਂ ਕੰਮ ਖ਼ਰਾਬ ਹੋ ਗਿਆ, ਕਿਉਂਕਿ ਪੋਲਟਰੀ ਫ਼ਾਰਮ 'ਤੇ ਮੈਨੂੰ ਘੇਰਾ ਪਿਆ ਸੀ ਤੇ ਇਹ ਪੋਲਟਰੀ ਫ਼ਾਰਮ ਵਾਲ਼ੇ ਰਿਟਾਇਰਡ ਫ਼ੌਜੀ ਸਨ, ਜਿਨ੍ਹਾਂ ਨੇ ਘੇਰਾ ਪਾਇਆ ਸੀ, ਉਹ ਡਰ ਗਏ। ਫੜ ਤਾਂ ਬੈਠੇ ਸਨ। ਹੁਣ ਤਾਂ ਪੁਲੀਸ ਵੀ ਆ ਗਈ ਸੀ ਤੇ ਨਾਹਰੇ ਸੁਣ ਕੇ ਪਤਾ ਲੱਗ ਗਿਆ ਕਿ ਇਹ ਤਾਂ ਕੰਮ ਖ਼ਰਾਬ ਕਰ ਲਿਆ। ਇਹ ਮਸਲਾ ਤਾਂ ਨਿਰੰਕਾਰੀਆਂ ਨਾਲ਼ ਦਾ ਹੈ, ਪਰ ਹੁਣ ਪੁਲੀਸ ਵੀ ਆ ਚੁੱਕੀ ਸੀ।

ਬਾਅਦ ਵਿੱਚ ਇੱਕ ਦੋ ਵਾਰ ਓਥੇ ਸਿੰਘ ਆ ਗਏ ਸਨ, ਜਿਸ ਕਰ ਕੇ ਉਹ ਫ਼ੌਜੀ ਸਭ ਜ਼ਮੀਨ-ਫ਼ਾਰਮ ਵੇਚ ਕੇ ਪਤਾ ਨਹੀਂ ਕਿੱਧਰ ਚਲੇ ਗਏ।

ਮੈਨੂੰ ਪੁਲੀਸ ਦੀ ਗੱਡੀ ਵਿੱਚ ਸੁੱਟ ਲਿਆ। ਇਸ ਵੇਲ਼ੇ ਤਕ 8 ਵੱਜ ਚੁੱਕੇ ਸਨ ਤੇ ਰੇਡੀਓ ਰਾਹੀਂ ਹਰ ਪਾਸੇ ਖ਼ਬਰ ਫੈਲ ਚੁੱਕੀ ਸੀ ਕਿ ਲਾਲਾ ਜਗਤ ਨਰਾਇਣ ਮਾਰ ਦਿੱਤਾ ਗਿਆ।

ਮੈਨੂੰ ਇਹ ਵੀ ਪਤਾ ਲੱਗਾ ਕਿ ਜਲੰਧਰ ਸ਼ਹਿਰ ਵਿੱਚ ਅੱਗਾਂ ਲਾ ਦਿੱਤੀਆਂ ਗਈਆਂ। ਕੁਝ ਸਿੱਖਾਂ ਦੀਆਂ ਦੁਕਾਨਾਂ ਨੂੰ ਹੋਰ ਸ਼ਹਿਰਾਂ ਵਿੱਚ ਵੀ ਸਾੜ ਦਿੱਤਾ ਗਿਆ। ਰਾਤ ਤਕ ਸਾਰੇ ਪੰਜਾਬ ਵਿੱਚ ਗੜਬੜ ਹੋ ਗਈ। ਰੌਲ਼ਾ ਪੈ ਗਿਆ। ਪਹਿਲੀ ਵਾਰ ਪੰਜਾਬ ਵਿੱਚ ਸੀ.ਆਰ.ਪੀ. ਆਈ। ਸਾਰਾ ਪੰਜਾਬ 10 ਤਰੀਕ ਤਕ ਪੁਲੀਸ ਛਾਉਣੀ ਬਣ ਗਿਆ।

ਰਾਤ ਨੂੰ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ । ਐੱਸ.ਐੱਸ.ਪੀ. ਭੱਟੀ, ਐੱਸ.ਐੱਸ.ਪੀ. ਚੰਦਰ ਸ਼ੇਖਰ ਤੇ ਆਰ.ਐਸ. ਕਾਲੀਆ ਇਹ ਸਭ ਲੁਧਿਆਣੇ ਹੀ ਲੱਗੇ ਹੋਏ ਸਨ। ਰਾਤ ਨੂੰ ਮੈਨੂੰ ਬਾਹਰ ਖੇਤਾਂ ਵਿੱਚ ਲਿਜਾ ਕੇ ਦਰਖ਼ਤ ਨਾਲ਼ ਬੰਨ੍ਹ ਦਿੱਤਾ ਗਿਆ ਤੇ ਵਾਰ-ਵਾਰ ਪਰਖਣ ਲੱਗੇ। ਤਿੰਨ ਗੋਲ਼ੀਆਂ ਮੇਰੇ ਉੱਪਰੋਂ ਦੀ ਲੰਘਾਈਆਂ। ਮੈਨੂੰ ਖਿੱਚੀ ਫਿਰਦੇ ਰਹੇ, ਧਰਤੀ 'ਤੇ ਕੁੱਟ ਮਾਰ ਕਰ ਕੇ, ਪਰ ਪਤਾ ਨਹੀਂ ਕੀ ਕਾਰਨ ਸੀ ਕਿ ਮੇਰੇ ਕੋਈ ਗੋਲ਼ੀ ਸਰੀਰ 'ਤੇ ਨਹੀਂ ਮਾਰੀ ਗਈ।

ਫਿਰ ਵਾਪਸ ਥਾਣੇ ਲੈ ਆਏ। ਪੂਰੇ ਪੰਜਾਬ ਦੇ ਵੱਡੇ ਅਫ਼ਸਰ ਲੁਧਿਆਣੇ ਮੈਨੂੰ ਵੇਖਣ ਲਈ ਆਏ ਤੇ ਰਾਤੋ ਰਾਤ ਹੀ ਦਿੱਲੀ ਤੋਂ ਸੀ.ਬੀ.ਆਈ. ਵਾਲ਼ੇ ਵੀ ਆ ਗਏ। ਅਗਲੇ ਦਿਨ ਹਾਹਾਕਾਰ ਮੱਚੀ ਹੋਈ ਸੀ। ਪਿੰਡ ਵਿੱਚ ਘਰ ਦੀ ਤਲਾਸ਼ੀ ਹੋਈ। ਰੋਡੇ ਪਿੰਡ ਵਾਲ਼ੇ ਸਾਰੇ ਹੈਰਾਨ ਸਨ ਕਿ ਰਾਤ ਤਾਂ ਇਹ ਇੱਥੋਂ ਹੀ ਗਿਆ ਹੈ, ਕੋਈ ਗੱਲ ਨਹੀਂ ਸੀ, ਇਹ ਕੀ ਹੋ ਗਿਆ? ਘਰ ਦਾ ਬੁਰਾ ਹਾਲ ਕਰ ਦਿੱਤਾ। ਸਾਰਿਆਂ ਨੂੰ ਫੜ ਕੇ ਥਾਣੇ ਲੈ ਗਏ। ਵੱਡੇ ਅਫ਼ਸਰ ਪਹੁੰਚ ਗਏ ਸਨ। ਦਿੱਲੀ ਵਿੱਚ ਵੀ ਪੂਰਾ ਰੌਲ਼ਾ ਪੈ ਗਿਆ ਸੀ। 5 ਲੱਖ ਅਖ਼ਬਾਰ ਤਾਂ ਲਾਲ਼ੇ ਦਾ ਹੀ ਰੋਜ਼ਾਨਾ ਛਪਦਾ ਸੀ। ਸਭ ਕਾਲ਼ੇ ਹਾਸ਼ੀਏ ਨਾਲ਼ ਛਪ ਚੁੱਕਾ ਸੀ।

ਅਦਾਲਤ ਵਿੱਚ ਪੇਸ਼ੀ ਦੌਰਾਨ ਭਾਈ ਨਛੱਤਰ ਸਿੰਘ ਰੋਡੇ

ਮੈਨੂੰ 10 ਤਰੀਕ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ। ਹੁਣ ਜੋ ਹੋਣਾ ਸੀ, ਹੋ ਚੁੱਕਾ ਸੀ। ਮੈਂ ਕੋਰਟ ਵਿੱਚ ਜਾਂਦਿਆਂ ਜ਼ੋਰਦਾਰ ਨਾਹਰੇ ਲਾਏ। ਲੋਕਾਂ ਦਾ ਏਨਾ ਵੱਡਾ ਇਕੱਠ ਸੀ ਕਿ ਕੁਝ ਵੀ ਪਤਾ ਨਹੀਂ ਸੀ ਲੱਗਦਾ। ਵੱਡੀ ਗਿਣਤੀ ਵਿੱਚ ਲੋਕ ਆਏ ਸਨ ਮੈਨੂੰ ਵੇਖਣ ਲਈ। ਮੇਰਾ 14 ਦਿਨਾਂ ਦਾ ਪੁਲੀਸ ਰਿਮਾਂਡ ਵੀ ਦਿੱਤਾ ਗਿਆ। ਉਹ ਦੋਵੇਂ ਹੀ ਬਚ ਕੇ ਸੰਤਾਂ ਕੋਲ਼ ਚੰਦੋ ਕਲਾਂ ਪਹੁੰਚ ਗਏ। ਸੰਤਾਂ ਨੇ ਰੇਡੀਓ

ਉੱਪਰ ਸਾਰੀ ਖ਼ਬਰ ਤਾਂ ਸੁਣ ਹੀ ਲਈ ਸੀ ਤੇ ਮੇਰੇ ਫੜੇ ਜਾਣ ਦੀ ਵੀ ਖ਼ਬਰ ਆ ਗਈ ਸੀ।

ਸੰਤ ਜੀ ਵੀ ਚੰਦੋ ਕਲਾਂ ਤੋਂ ਵਾਪਸ ਆ ਗਏ ਤੇ ਜੰਮੂ ਚਲੇ ਗਏ। 10 ਤਰੀਕ ਦੀ ਰਾਤ ਨੂੰ 12 ਵਜੇ ਤਕ ਬਾਕੀ ਜਥਾ ਚੰਦੋ ਕਲਾਂ ਹੀ ਰਿਹਾ। ਹਾਲਾਤ ਬਹੁਤ ਖ਼ਰਾਬ ਹੋ ਗਏ ਸਨ ਪੰਜਾਬ ਦੇ।

ਮੇਰਾ ਰਿਮਾਂਡ ਬਾਹਰ ਖੇਤਾਂ ਵਿੱਚ ਚੱਲ ਰਿਹਾ ਸੀ। ਬਾਮੀਆ ਰੈਸਟ ਹਾਊਸ ਵਿਖੇ ਕੋਈ ਹਜ਼ਾਰ ਕੁ ਪੁਲੀਸ ਵਾਲ਼ਿਆਂ ਦਾ ਘੇਰਾ ਸੀ ਮੇਰੇ ਦੁਆਲ਼ੇ ਅਤੇ ਦਿੱਲੀ ਤੇ ਪੰਜਾਬ ਦੇ ਸਭ ਵੱਡੇ ਅਫ਼ਸਰ ਓਥੇ ਹੀ ਸਨ। ਹੈਲੀਕਾਪਟਰ ਉੱਪਰ ਘੁੰਮ ਰਿਹਾ ਸੀ ਤੇ ਚਾਰ ਚੁਫੇਰੇ ਅੱਧਾ ਕਿੱਲੋਮੀਟਰ ਤਕ ਲੋਕਾਂ ਦੇ ਖੇਤਾਂ ਦੇ ਰਸਤੇ ਵੀ ਬੰਦ ਕਰ ਦਿੱਤੇ ਸਨ ਕਿ ਮੈਨੂੰ ਛੁਡਾ ਕੇ ਨਾ ਲੈ ਜਾਣ। ਖੇਤਾਂ ਵਿੱਚ ਹੀ ਸਖ਼ਤ ਤੋਂ ਸਖ਼ਤ ਸਾਧਨ ਤਰੀਕੇ ਵਰਤਣ ਲੱਗੇ ਮੇਰੇ ਉੱਪਰ, ਸੰਤਾਂ ਬਾਰੇ ਨਾਂ ਲੈਣ ਬਾਰੇ, ਪਰ ਕੁਝ ਨਾ ਕੱਢ ਸਕੇ। ਅਖੀਰ ਜੋ ਫੋਟੋਆਂ ਸਨ ਜਥੇ ਦੀਆਂ, ਉਹਨਾਂ ਨੇ ਕੰਮ ਖ਼ਰਾਬ ਕਰ ਦਿੱਤਾ ਤੇ ਭਾਈ ਰਣਜੀਤ ਸਿੰਘ ਦੀ ਫੋਟੋ ਮੇਰੇ ਕੋਲੋਂ ਪਛਾਣ ਨਾ ਹੋਈ। ਇਹਨਾਂ ਕਾਫੀ ਕਾਰਨਾਂ ਕਰ ਕੇ ਅਖੀਰ 13 ਸਤੰਬਰ ਦੀ ਸ਼ਾਮ ਨੂੰ ਸੰਤ ਜਰਨੈਲ ਸਿੰਘ ਦੇ ਵਰੰਟ ਕੱਢ ਦਿੱਤੇ ਗਏ।

ਚੰਦੋ ਕਲਾਂ ਵਿਖੇ ਹਜ਼ਾਰਾਂ ਦੀ ਗਿਣਤੀ 'ਚ ਪੁਲੀਸ ਦਾ ਘੇਰਾ ਪਾ ਲਿਆ, ਪਰ ਸੰਤ ਓਥੇ ਨਹੀਂ ਸਨ, ਉਹ ਮਹਿਤੇ ਪਹੁੰਚ ਚੁੱਕੇ ਸਨ ਤੇ ਲੋਕਾਂ ਦਾ ਇਕੱਠ ਬਹੁਤ ਹੋ ਗਿਆ ਸੀ। ਮਹਿਤੇ ਵਿਖੇ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਪੰਜਾਬ, ਦਿੱਲੀ ਤੇ ਹੋਰਨਾਂ ਸੂਬਿਆਂ ਤੋਂ ਪਹੁੰਚ ਗਈਆਂ ਸਨ ਕਿ ਸੰਤਾਂ ਨੂੰ ਗ੍ਰਿਫਤਾਰ ਨਹੀਂ ਹੋਣ ਦੇਣਾ। ਚੰਦੋ ਕਲਾਂ ਵਿਖੇ ਟਕਸਾਲ ਦੀਆਂ ਦੋਵੇਂ ਬੱਸਾਂ ਸਾੜ ਦਿੱਤੀਆਂ, ਟਰੱਕ ਸਾੜ ਦਿੱਤਾ ਗਿਆ ਤੇ ਹੋਰ ਧਾਰਮਿਕ ਪੋਥੀਆਂ ਅਗਨ ਭੇਟ ਕਰ ਦਿੱਤੀਆਂ ਗਈਆਂ। ਸਾਰਾ ਜਥਾ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਠਾਕੁਰ ਸਿੰਘ ਜੀ ਵੀ ਫੜ ਲਏ ਗਏ। ਕਾਫ਼ੀ ਹੋਰ ਮੈਂਬਰਾਂ ਨੂੰ ਕੁੱਟ-ਮਾਰ ਹੋਈ ਕਿ ਦੱਸੋ ਸੰਤ ਕਿੱਥੇ ਹਨ। ਓਧਰ ਬੱਸਾਂ ਸਾੜਨ ਤੇ ਧਾਰਮਿਕ ਪੋਥੀਆਂ ਸਾੜਨ ਦੀ ਖ਼ਬਰ ਜੰਗਲ਼ ਦੀ ਅੱਗ ਵਾਂਗ ਫੈਲ ਗਈ ਤੇ ਗੜਬੜ ਹੋਰ ਵਧ ਗਈ। ਪੰਜਾਬ ਦੇ ਹਾਲਾਤ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰ ਗਏ। ਮੇਰੇ ਉੱਪਰ ਸਖ਼ਤੀ ਵਧ ਗਈ ਤੇ ਮਾਸ ਬਰਫ਼ ਲਾ-ਲਾ ਕੇ ਸਾੜ ਦਿੱਤਾ ਗਿਆ। ਹੋਰ ਹਰ ਤਰ੍ਹਾਂ ਦੇ ਘਟੀਆ ਤਰੀਕੇ ਪੁਲੀਸ ਅਫਸਰ ਮੇਰੇ ਉੱਪਰ ਵਰਤਣ ਲੱਗੇ।

ਸੰਤਾਂ ਦੀ ਗ੍ਰਿਫ਼ਤਾਰੀ

ਓਧਰ ਸੰਤਾਂ ਨੇ 21 ਤਰੀਕ ਨੂੰ ਗ੍ਰਿਫਤਾਰ ਹੋਣ ਦਾ ਐਲਾਨ ਕਰ ਦਿੱਤਾ। ਮਹਿਤੇ ਨੂੰ 10 ਹਜ਼ਾਰ ਪੁਲੀਸ ਦਾ ਘੇਰਾ ਪੈ ਗਿਆ ਸੀ। ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸੰਤਾਂ ਨੇ ਸਟੇਜ ਤੋਂ ਤਕਰੀਰ ਕੀਤੀ, ਕਈ ਹੋਰ ਵੀ ਜਜ਼ਬਾਤੀ ਤਕਰੀਰਾਂ ਹੋਈਆਂ ਤੇ ਸੰਤ ਗ੍ਰਿਫਤਾਰ ਹੋ ਗਏ। ਸੰਤਾਂ ਦੀ ਗ੍ਰਿਫਤਾਰੀ ਤੋਂ ਬਾਅਦ ਸਿੱਖ ਸੰਗਤਾਂ ਦਾ ਗੁੱਸਾ ਭੜਕ ਉੱਠਿਆ, ਪੁਲੀਸ ਨੇ ਵੀ ਸਖ਼ਤੀ ਕੀਤੀ,

21 ਸਤੰਬਰ 1981 ਨੂੰ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ

ਟਕਰਾਅ ਹੋ ਗਿਆ, ਗੋਲੀ ਚੱਲਣੀ ਸ਼ੁਰੂ ਹੋ ਗਈ ਤੇ ਮਿੰਟਾਂ ਵਿੱਚ ਹੀ 30 ਸਿੱਖ ਪੁਲੀਸ ਨੇ ਮਾਰ ਦਿੱਤੇ।

ਸੰਤ ਜੀ ਗ੍ਰਿਫਤਾਰ ਹੋ ਕੇ ਜਾ ਚੁੱਕੇ ਸਨ ਲੁਧਿਆਣੇ ਵੱਲ ਨੂੰ। ਬਹੁਤ ਸਾਰੇ ਵਕੀਲ ਤੇ ਪੁਲੀਸ ਅਫ਼ਸਰ ਨਾਲ ਸਨ। 22 ਸਤੰਬਰ ਨੂੰ ਹੋਰ ਵੀ ਹਾਲਾਤ ਖ਼ਰਾਬ ਹੋ ਗਏ। 22 ਤਰੀਕ ਨੂੰ ਸੰਤਾਂ ਦਾ ਪੰਜ ਦਿਨਾਂ ਦਾ ਰਿਮਾਂਡ ਲੈ ਲਿਆ ਗਿਆ। ਜੱਜ ਪਹਿਲੀ ਵਾਰ ਹਿੰਦੁਸਤਾਨ ਵਿੱਚ ਖ਼ੁਦ ਚੱਲ ਕੇ ਰੈਸਟ ਹਾਊਸ ਗਿਆ। ਮੇਰਾ ਰਿਮਾਂਡ ਵੀ 7 ਦਿਨਾਂ ਦਾ ਹੋਰ ਦੇ ਦਿੱਤਾ ਗਿਆ, ਪਰ ਸੰਤਾਂ ਨਾਲ ਮੈਨੂੰ ਮਿਲਾਇਆ ਨਹੀਂ। ਪੁੱਛਗਿੱਛ ਚੱਲਦੀ ਰਹੀ ਸੰਤਾਂ ਦੀ ਵੀ ਤੇ ਮੇਰੀ ਵੀ। ਨਿਰੰਕਾਰੀ, ਸੰਤਾਂ ਨੂੰ ਫਾਂਸੀ ਲਵਾਉਣਾ ਚਾਹੁੰਦੇ ਸਨ ਕਿਉਂਕਿ ਗੁਰਬਚਨੇ ਦੇ ਕੇਸ ਵਿੱਚ ਸੰਤ ਜੀ ਬਚ ਗਏ ਸਨ, ਹੁਣ ਉਹਨਾਂ ਨੂੰ ਮੌਕਾ ਮਿਲਿਆ ਸੀ, 302 ਦਾ ਕੇਸ ਸੀ।

ਸੋ, ਮੇਰੇ ਉੱਪਰ ਹਰ ਤਰ੍ਹਾਂ ਦੇ ਤਰੀਕੇ ਵਰਤੇ ਗਏ। ਦੋ ਕਤਲ ਹੋਰ ਪਾ ਦਿੱਤੇ ਗਏ, ਜੋ ਬਾਅਦ ਵਿੱਚ ਬਰੀ ਹੋ ਗਏ ਸਨ। ਪੁੱਛਗਿੱਛ ਦੌਰਾਨ ਮੇਰੀ ਟੇਪ ਰਿਕਾਰਡਿੰਗ ਰੋਜ਼ਾਨਾ ਹੋਣ ਲੱਗੀ ਤੇ ਹਰ ਰੋਜ਼ ਸ਼ਾਮ ਨੂੰ ਦਿੱਲੀ ਵਿਖੇ ਇੰਦਰਾ ਨੂੰ ਸੁਣਾਉਂਦੇ ਤੇ ਕਹਿੰਦੇ ਕਿ ਨਛੱਤਰ ਸਿੰਘ ਸੰਤਾਂ ਬਾਰੇ ਕੁਝ ਨਹੀਂ ਦੱਸਦਾ ਤੇ ਨਾ ਹੀ ਵਾਅਦਾ ਮਾਫ਼ ਗਵਾਹ ਬਣਨ ਨੂੰ ਤਿਆਰ ਹੈ। ਮੈਨੂੰ ਨਿਰੰਕਾਰੀਆਂ ਨਾਲ ਮਿਲਾਇਆ ਗਿਆ । ਰਿਮਾਂਡ ਵਿੱਚ ਹੀ, ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਇਹ ਨਿਰੰਕਾਰੀ ਸਨ, ਉਹਨਾਂ ਨੇ ਲੱਖਾਂ ਰੁਪਏ ਦੇ ਭਰੇ ਅਟੈਚੀਕੇਸ ਮੇਰੇ ਸਾਮ੍ਹਣੇ ਪੇਸ਼ ਕੀਤੇ ਕਿ ਸੰਤਾਂ ਵਿਰੁੱਧ ਗਵਾਹੀ ਦੇ ਦੇ, ਅਸੀਂ ਕੇਸ ਵਿੱਚੋਂ ਬਰੀ ਕਰਵਾਵਾਂਗੇ। ਪੁਲੀਸ ਦੇ ਸਭ ਵੱਡੇ ਅਫ਼ਸਰ ਵੀ ਇਹੀ ਲਾਲਚ ਦੇ ਰਹੇ ਸਨ, ਨਹੀਂ ਤਾਂ ਕਹਿੰਦੇ ਜੇ ਗਵਾਹੀ ਨਾ ਦਿੱਤੀ ਤਾਂ ਫਾਂਸੀ ਦੀ ਸਜ਼ਾ ਹੋਵੇਗੀ।

ਮੈਂ ਪੁਰਾਣਾ ਸਭ ਵੇਖਿਆ ਹੋਇਆ ਸੀ। ਦੋ ਕੁ ਸਿੱਖ ਅਫ਼ਸਰ ਈ ਚੰਗੇ ਸਨ, ਉਹ ਕੁਝ ਨਾ ਕੁਝ ਦੱਸਦੇ ਰਹਿੰਦੇ ਸਨ। ਫਿਰ ਮੈਂ ਬੋਲਣਾ ਹੀ ਬੰਦ ਕਰ ਦਿੱਤਾ ਤੇ ਪੁਲੀਸ ਅਫ਼ਸਰ ਤੇ ਹੋਰ ਸਭ ਇਸ ਸਕੀਮ ਵਿੱਚ ਫ਼ੇਲ੍ਹ ਹੋ ਗਏ।

ਇਸ ਤੋਂ ਬਾਅਦ ਮੇਰਾ ਇਲਾਜ-ਦਵਾਈ ਸ਼ੁਰੂ ਹੋ ਗਿਆ। ਸੱਤ ਦਿਨਾਂ ਦਾ ਹੋਰ ਰਿਮਾਂਡ ਇੱਕ ਕਤਲ ਕੇਸ ਪਾ ਕੇ ਲੈ ਲਿਆ। ਸੰਤਾਂ ਦਾ ਰਿਮਾਂਡ 27 ਸਤੰਬਰ ਨੂੰ ਖ਼ਤਮ ਹੋ ਗਿਆ ਤੇ ਉਹਨਾਂ ਨੂੰ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ, ਮੇਰੇ ਸਾਮ੍ਹਣੇ ਨਹੀਂ ਲਿਆਂਦੇ ਗਏ। ਸੰਤ ਕਹਿ ਰਹੇ ਸਨ ਕਿ ਨਛੱਤਰ ਸਿੰਘ ਨੂੰ ਮੇਰੇ ਸਾਮ੍ਹਣੇ ਕਰਾ ਕੇ ਕਹਾ ਦਿਓ ਕਿ ਮੈਂ ਮਾਰਨ ਲਈ ਭੇਜਿਆ ਹੈ, ਮੈਂ ਇਕਬਾਲ ਕਰ ਲਵਾਂਗਾ। ਕਿਉਂਕਿ ਸੰਤਾਂ ਨੂੰ ਮੇਰੇ ਉੱਪਰ ਭਰੋਸਾ ਸੀ ਕਿ ਮੈਂ ਕੁਝ ਵੀ ਨਹੀਂ ਦੱਸਾਂਗਾ।

ਸੋ, ਸੰਤ ਜੀ ਫ਼ਿਰੋਜ਼ਪੁਰ ਜੇਲ੍ਹ ਚਲੇ ਗਏ ਤੇ ਮੈਨੂੰ 10 ਅਕਤੂਬਰ ਨੂੰ ਇਲਾਜ ਕਰਾ ਕੇ ਮਹੀਨੇ ਬਾਅਦ ਲੁਧਿਆਣੇ ਜੇਲ੍ਹ ਭੇਜ ਦਿੱਤਾ, ਕਿਉਂਕਿ ਕੇਸ ਦੀ ਸੁਣਵਾਈ ਲੁਧਿਆਣੇ ਵਿਖੇ ਹੋਣੀ ਸੀ ਤੇ ਕਤਲ ਲੁਧਿਆਣੇ ਦੀ ਹੱਦ ਵਿੱਚ ਹੀ ਹੋਇਆ ਸੀ।

ਜਥੈ ਬਾਣ ਲਾਗਯੋ

ਉਧਰ 21 ਤਰੀਕ ਨੂੰ ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਮੋਟਰ ਸਾਈਕਲ ਸਵਾਰ ਸ਼ੁਰੂ ਹੋ ਗਏ ਤੇ 22 ਦੀ ਰਾਤ ਨੂੰ ਜਲੰਧਰ ਤੇ ਤਰਨ ਤਾਰਨ ਸਿੰਘਾਂ ਨੇ 20 ਦੁਸ਼ਟਾਂ ਨੂੰ ਗੱਡੀ ਚਾੜ੍ਹ ਦਿੱਤਾ। ਗੜਬੜ ਹੋਰ ਵਧ ਗਈ ਕਿ ਜੇ ਸੰਤਾਂ ਨੂੰ ਨਾ ਛੱਡਿਆ ਗਿਆ ਤਾਂ ਹੋਰ ਸਾਕੇ ਹੋਣਗੇ। 28 ਸਤੰਬਰ 1981 ਨੂੰ ਭਾਈ ਗੁਰਬਖਸ਼ ਸਿੰਘ ਨੇ ਹਵਾਈ ਜਹਾਜ਼ ਅਗਵਾ ਕਰ ਲਿਆ ਇਕੱਲੇ ਨੇ ਹੀ। ਉਹ ਵੀ ਬਾਅਦ ਵਿੱਚ ਮੇਰੇ ਨਾਲ ਹੀ ਰਿਹਾ ਸੀ। ਉਹ ਲਾਹੌਰ ਜਹਾਜ਼ ਲੈ ਗਿਆ, 150 ਸਵਾਰੀਆਂ ਸਮੇਤ, ਬਿਨਾਂ

ਭਾਈ ਗੁਰਬਖਸ਼ ਸਿੰਘ ਹਾਈਜੈਕਰ

ਹਥਿਆਰ, ਸਿਰਫ਼ ਇੱਕ ਗੇਂਦ ਨਾਲ਼ ਹੀ ਉਸ ਨੇ ਜਹਾਜ਼ ਅਗਵਾ ਕਰ ਲਿਆ ਸੀ। ਉਸ ਨੇ ਮੰਗ ਰੱਖੀ ਕਿ ਸੰਤਾਂ ਨੂੰ ਛੱਡਿਆ ਜਾਵੇ। ਪਰ ਜਹਾਜ਼ ਲਾਹੌਰ ਉੱਤਰਨ ਨਹੀਂ ਸੀ ਦਿੱਤਾ ਤੇ ਅੰਮ੍ਰਿਤਸਰ ਉਤਾਰ ਲਿਆ। ਗੁਰਬਖ਼ਸ਼ ਸਿੰਘ ਨੂੰ ਫੜ ਲਿਆ ਤੇ ਬਾਅਦ ਵਿੱਚ ਪੰਜ ਸਾਲਾਂ ਬਾਅਦ ਰਿਹਾਅ ਹੋਇਆ।

ਸੰਤਾਂ ਦੀ ਰਿਹਾਈ ਲਈ ਪੂਰੇ ਪੰਜਾਬ ਵਿੱਚ ਰੌਲ਼ਾ ਪੈ ਗਿਆ। ਅਕਾਲੀ ਦਲ ਨੇ ਮੋਰਚੇ ਦਾ ਐਲਾਨ ਕਰ ਦਿੱਤਾ। ਆਲਮਗੀਰ ਗੁਰਦੁਆਰੇ ਦੋ ਲੱਖ ਦਾ ਇਕੱਠ ਹੋਇਆ। ਪੰਜਾਬ ਦੇ ਹਾਲਾਤ ਖ਼ਰਾਬ ਤੋਂ ਖ਼ਰਾਬ ਹੋਣ ਲੱਗੇ ਸੀ। ਸਭ ਹਾਲਾਤ ਵੇਖ ਕੇ ਇੰਦਰਾ ਗਾਂਧੀ ਖ਼ੁਦ ਚੰਡੀਗੜ੍ਹ ਆਈ ਤੇ ਐਲਾਨ ਕਰ ਗਈ ਕਿ ਸੰਤਾਂ ਦਾ ਇਸ ਕਤਲ ਨਾਲ਼ ਕੋਈ ਸੰਬੰਧ ਨਹੀਂ। ਇੰਦਰਾ 15 ਅਕਤੂਬਰ ਨੂੰ ਆਈ ਸੀ ਤੇ 16 ਤਰੀਕ ਨੂੰ ਸੰਤਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸਵਰਨ ਸਿੰਘ ਤੇ ਦਲਬੀਰ ਸਿੰਘ ਭਗੌੜੇ ਕਰਾਰ ਦੇ ਦਿੱਤੇ ਗਏ ਸਨ।

17 ਨੂੰ ਹੀ ਚੰਡੀਗੜ੍ਹ ਸੈਕਟਰੀਏਟ ਉੱਪਰ ਭਾਈ ਵਧਾਵਾ ਸਿੰਘ ਬੱਬਰ ਤੇ ਭਾਈ ਤਰਸੇਮ ਸਿੰਘ ਹੋਰਾਂ ਨੇ ਨਿਰੰਜਣ ਸਿੰਘ ਨਿਰੰਕਾਰੀ 'ਤੇ ਹਮਲਾ ਕਰ ਦਿੱਤਾ। ਇਹ ਆਪ ਤਾਂ ਫੱਟੜ ਹੋ ਗਿਆ। ਮੁੱਖ ਮੰਤਰੀ ਦੇ ਦਫ਼ਤਰ ਦੇ ਨਾਲ਼ ਹੀ ਫੱਟੜ ਕੀਤਾ ਸੀ ਤੇ ਇਸ ਦਾ ਭਰਾ ਜੋ ਆਈ.ਏ.ਐਸ. ਅਫ਼ਸਰ ਸੀ, ਮਾਰ ਦਿੱਤਾ। ਨਿਰੰਜਣ ਸਿੰਘ ਗੁਰਦਾਸਪੁਰ ਜ਼ਿਲ੍ਹੇ ਦਾ ਡੀ.ਸੀ. ਲੱਗਾ ਹੋਇਆ ਸੀ। 1978 ਵਿੱਚ ਨਿਰੰਕਾਰੀਆਂ ਨੇ 13 ਸਿੰਘ ਸ਼ਹੀਦ ਕੀਤੇ ਸਨ ਤੇ ਇਸ ਨੇ ਹੀ ਇਹ ਸਾਰਾ ਕਾਂਡ ਕਰਵਾਇਆ ਸੀ ਤੇ ਗੁਰਬਚਨੇ ਨੂੰ ਆਪਣੀ ਕਾਰ ਰਾਹੀਂ ਪੰਜਾਬ ਤੋਂ ਬਾਹਰ ਕਢਵਾਇਆ ਸੀ।

ਨਿਰੰਜਣ ਸਿੰਘ ਦੇ ਕੇਸ ਵਿੱਚ ਮੇਰਾ ਜੇਲ੍ਹ ਵਿੱਚੋਂ ਹੀ ਫਿਰ ਸੱਤ ਦਿਨਾਂ ਦਾ ਰਿਮਾਂਡ ਲੈ ਗਏ ਕਿ ਤੈਨੂੰ ਪਤਾ ਹੈ ਕਿ ਇਹ ਕਿਨ੍ਹਾਂ ਨੇ ਕੀਤਾ ਹੈ ਤੇ ਕਾਫ਼ੀ ਪੁੱਛਗਿੱਛ ਹੋਈ, ਪਰ ਕੇਸ ਮੇਰੇ ਉੱਪਰ ਨਹੀਂ ਪਾਇਆ।

ਇਸ ਦੌਰਾਨ ਜਦੋਂ ਮੈਂ ਤਰੀਕ 'ਤੇ ਜਾਂਦਾ ਸੀ ਲੁਧਿਆਣੇ, ਤਾਂ ਮੇਰੇ ਨਾਲ਼ 500 ਦੇ ਕਰੀਬ ਪੁਲੀਸ ਗਾਰਦ ਹੁੰਦੀ ਸੀ। ਪਾਇਲਟ ਗੱਡੀ ਮੇਰੇ ਮੂਹਰੇ ਹੁੰਦੀ ਸੀ। ਥਾਂ-ਥਾਂ ਗਾਰਦ ਰਸਤੇ ਵਿੱਚ ਖੜ੍ਹੀ ਹੁੰਦੀ ਸੀ ਤੇ ਹਜ਼ਾਰਾਂ ਹੀ ਲੋਕ ਵੇਖਣ ਲਈ ਆਉਂਦੇ ਸਨ। ਪਿੰਡਾਂ ਤੋਂ ਟਰੱਕ ਭਰ ਕੇ ਲੋਕ ਆਉਂਦੇ। ਮੇਰੇ ਵੱਲੋਂ ਲਾਏ ਨਾਹਰੇ ਦੂਰ-ਦੂਰ ਤਕ ਸੁਣਦੇ। ਮੈਂ ਨਾਹਰੇ ਬਹੁਤ ਮਾਰਦਾ ਸੀ ਪੇਸ਼ੀ ਮੌਕੇ।

ਓਧਰ ਸੰਤਾਂ ਨੇ ਪ੍ਰਚਾਰ ਗਰਮ ਕਰ ਦਿੱਤਾ ਸੀ। ਰੋਜ਼ਾਨਾ ਹੀ ਮੋਟਰ ਸਾਈਕਲ ਵਾਲ਼ੇ ਘੁੰਮਣ ਲੱਗੇ ਤੇ ਸਿੰਘਾਂ ਦੇ ਕਾਰਨਾਮੇ ਸ਼ੁਰੂ ਹੋ ਗਏ। ਕੈਸਟਾਂ ਚੱਲਣ ਲੱਗੀਆਂ, ਲਾਲ਼ਾ ਜਗਤ ਨਰਾਇਣ ਕਤਲ ਕਾਂਡ ਦੀਆਂ। ਉਸ ਵਕਤ ਆਮ ਹੀ ਢਾਡੀ ਵਾਰਾਂ ਲਾਉਂਦੇ ਸਨ। ਮਾਰਚ 1982 ਵਿੱਚ ਸਵਰਨ ਸਿੰਘ ਰੋਡੇ ਵੀ ਜੈਤੋ ਕੋਲ਼ ਫੜਿਆ ਗਿਆ ਤੇ ਮੇਰੇ ਨਾਲ਼ ਹੀ ਜੇਲ੍ਹ ਵਿੱਚ ਆ ਗਿਆ...।

ਅਦਾਲਤ ਵਿੱਚ ਪੇਸ਼ੀ ਦੌਰਾਨ ਭਾਈ ਨਛੱਤਰ ਸਿੰਘ ਰੋਡੇ ਅਤੇ ਭਾਈ ਸਵਰਨ ਸਿੰਘ ਰੋਡੇ

ਜੇਲ੍ਹ ਵਿੱਚ

ਇਸ ਦੌਰਾਨ ਹੀ ਨਵੰਬਰ 1982 ਵਿੱਚ ਜਦੋਂ ਧਰਮ ਯੁੱਧ ਮੋਰਚਾ ਚੱਲ ਰਿਹਾ ਸੀ, ਜੋ ਅਗਸਤ 1982 ਨੂੰ ਸ਼ੁਰੂ ਕਰ ਦਿੱਤਾ ਸੀ ਅਕਾਲੀ ਦਲ ਨੇ ਤੇ ਸਭ ਜੇਲ੍ਹਾਂ ਭਰ ਦਿੱਤੀਆਂ ਸਨ। ਉਸ

ਵੇਲੇ ਐਸ.ਐਸ.ਪੀ. ਭੱਟੀ ਲੁਧਿਆਣਾ ਨੇ ਮੈਨੂੰ ਮਾਰਨ ਦੀ ਸਕੀਮ ਬਣਾਈ ਤੇ ਜੇਲ੍ਹ 'ਚ ਆ ਗਿਆ ਕਿ ਨਛੱਤਰ ਸਿੰਘ ਨੂੰ ਭਜਾਉਣ ਲਈ ਆਦਮੀ ਆ ਗਏ ਹਨ ਤੇ ਇਸ ਨੂੰ ਬਚਾ ਕੇ ਅਸੀਂ ਬਾਹਰ ਲਿਜਾਣਾ ਹੈ। ਸ਼ਾਮ ਦਾ ਬੰਦੀ ਦਾ ਟਾਈਮ ਸੀ ਤੇ ਕੋਟ ਮੌਕਾ ਨਾਲ਼ ਹੀ ਸੀ। ਪੁਲੀਸ ਵਾਲ਼ੇ ਪੌੜੀ ਲਾ ਕੇ ਸਟੇਨਗੰਨਾਂ ਲੈ ਕੇ ਚੜ੍ਹ ਗਏ ਸਨ ਤੇ ਐਸ.ਐਸ.ਪੀ. ਡਿਓੜ੍ਹੀ ਵਿੱਚ ਖੜ੍ਹਾ ਸੀ, ਦੋ ਦਿਨ ਪਹਿਲਾਂ ਹੀ ਮੈਨੂੰ ਵੇਖ ਕੇ ਗਿਆ ਸੀ। ਅੰਦਰ ਆ ਕੇ ਰੋਜ਼ਾਨਾ ਹੀ ਸਾਡੀਆਂ ਚੱਕੀਆਂ ਬਦਲਦੇ ਸਨ ਤੇ ਦੋ ਤਾਲੇ ਲੱਗਦੇ ਸਨ ਮੇਰੇ ਸੈੱਲ ਨੂੰ।

ਸੁਪਰਡੈਂਟ ਦਲੇਰ ਸੀ, ਉਹ ਕੁਦਰਤੀ ਮੇਰੇ ਕੋਲ਼ ਹੀ ਸ਼ਾਮ ਨੂੰ ਸੀ, ਡਿਪਟੀ ਵੀ ਬੰਦੀ ਮੌਕੇ ਮੇਰੇ ਕੋਲ਼ ਹੀ ਸੀ ਤੇ ਕੋਟ ਮੌਕੇ ਤੇ ਜੋ ਪੁਲੀਸ ਵਾਲ਼ੇ ਖੜ੍ਹੇ ਸਨ, ਉਹਨਾਂ ਨੂੰ ਥੱਲੇ ਉਤਾਰ ਦਿੱਤਾ ਗਿਆ ਸੀ ਤੇ ਬਚਾਅ ਹੋ ਗਿਆ। ਫਿਰ ਮੇਰੀ ਗਿਣਤੀ ਕੋਟ ਮੌਕੇ ਤੋਂ ਦੂਰ ਕਰ ਦਿੱਤੀ ਗਈ। ਸੋ ਮਸਾਂ ਹੀ ਬਚਾਅ ਹੋ ਸਕਿਆ ਸੀ। ਇਸ ਸਾਜ਼ਸ਼ ਦੀ ਅਗਲੇ ਦਿਨ ਜਦੋਂ ਇਹ ਖ਼ਬਰ ਬਾਹਰ ਗਈ ਤਾਂ ਫਿਰ ਕੰਮ ਸਿੰਘਾਂ ਨੇ ਗ਼ਰਮ ਕਰ ਦਿੱਤਾ। ਸੰਤ ਜੀ ਵੀ ਕਾਫ਼ੀ ਗ਼ਰਮ ਭਾਸ਼ਣ ਕਰਨ ਲੱਗੇ।

ਇਹ ਕੇਸ ਦੋ ਸਾਲ ਤਕ ਚੱਲਦਾ ਰਿਹਾ। ਅਖ਼ੀਰ 25 ਅਗਸਤ 1983 ਨੂੰ ਮੈਨੂੰ ਉਮਰ ਕੈਦ ਕਰ ਦਿੱਤੀ ਗਈ ਡਰਾਈਵਰ ਦੀ ਗਵਾਹੀ ਕਾਰਨ, ਜੋ ਫੱਟੜ ਸੀ ਤੇ ਬਚ ਗਿਆ ਸੀ, ਪਰ ਸਵਰਨ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਇਸ ਦਿਨ ਲੱਖਾਂ ਦਾ ਹੀ ਇਕੱਠ ਸੀ। ਹੁਕਮ ਵਾਲ਼ੇ ਦਿਨ ਸਾਰੇ ਸ਼ਹਿਰ ਵਿੱਚ ਖਾਲਸਾ ਹੀ ਖ਼ਾਲਸਾ ਦਿਸਦਾ ਸੀ ਤੇ ਸਾਰੇ ਭਾਰਤ ਦੀ ਪ੍ਰੈੱਸ ਅਖ਼ਬਾਰਾਂ ਵਾਲ਼ੇ ਆਏ ਹੋਏ ਸਨ।

ਅਗਲੇ ਦਿਨ ਸਭ ਅਖ਼ਬਾਰਾਂ ਤੇ ਮੇਰੀ ਹੀ ਪੁਲੀਸ ਸਮੇਤ ਉਮਰ ਕੈਦ ਦੀ ਮੁੱਖ ਖ਼ਬਰ ਸੀ।

ਕੈਦ ਕਰਨ ਸਾਰ ਹੀ ਅਦਾਲਤ ਵਿੱਚੋਂ ਹੀ ਮੇਰਾ ਚਲਾਨ ਨਾਭੇ ਜੇਲ੍ਹ ਦਾ ਪਾ ਦਿੱਤਾ ਕਿਉਂਕਿ ਲੁਧਿਆਣਾ ਜੇਲ੍ਹ ਵਾਲ਼ੇ ਤੇ ਪੁਲੀਸ ਵਾਲ਼ੇ ਡਰ ਗਏ ਸਨ ਕਿ ਲੋਕ ਖੋਹ ਲੈਣਗੇ ਇਸ ਨੂੰ। ਲੱਖਾਂ ਦਾ ਹੀ ਇਕੱਠ ਸੀ ਤੇ ਗ਼ਰਮ ਮਾਹੌਲ ਸੀ, ਜਦੋਂ ਮੈਨੂੰ ਕੈਦ ਦਾ 5.35 ਤੇ 25 ਅਗਸਤ 1983 ਨੂੰ ਹੁਕਮ ਸੁਣਾਇਆ ਸੀ।

ਲੁਧਿਆਣੇ ਤੋਂ ਨਾਭੇ ਜੇਲ੍ਹ ਲਿਜਾਣ ਲਈ ਪੁਲੀਸ ਨੇ 40 ਪੁਲੀਸ ਗੱਡੀਆਂ ਮੇਰੇ ਨਾਲ਼ ਲਾਈਆਂ ਤੇ ਸੜਕ ਰਾਹੀਂ ਨਹੀਂ ਗਏ, ਬਲਕਿ ਪਿੰਡਾਂ ਵਿਚ ਦੀ ਗਏ ਲੋਕਾਂ ਨੂੰ ਧੋਖਾ ਦੇ ਕੇ ਕਿ ਪਤਾ ਨਾ ਲੱਗੇ। ਪੁਲੀਸ ਬਹੁਤ ਡਰਦੀ ਸੀ ਕਿਉਂਕਿ ਰੋਜ਼ਾਨਾ ਹੀ ਬਾਹਰ ਮੋਟਰਸਾਈਕਲਾਂ ਤੇ ਵੱਡੇ ਐਕਸ਼ਨ ਹੋ ਰਹੇ ਸਨ।

ਨਾਭੇ ਬਹੁਤ ਗੰਦੀ ਜੇਲ੍ਹ ਸੀ। ਮੈਨੂੰ 4 ਚੱਕੀਆਂ ਵਿੱਚ ਬੰਦ ਕਰ ਦਿੱਤਾ ਗਿਆ। ਬਹੁਤ ਛੋਟਾ ਥਾਂ ਸੀ, ਚੱਕੀਆਂ ਵੀ ਨਿੱਕੀਆਂ ਸਨ, ਪਰ ਮੈਂ ਰੋਹਬ ਨਾਲ ਸਭ ਖੁੱਲ੍ਹਾ ਕਰਾ ਲਿਆ। ਪਰ ਪਹਿਰਾ ਮੇਰੇ ਉੱਪਰ ਸਖ਼ਤ ਸੀ, ਘੁੰਮਣ ਫਿਰਨ ਦੀ ਮਨਾਹੀ ਸੀ।

24 ਫਰਵਰੀ 1984 ਨੂੰ ਮੈਨੂੰ ਨਾਭੇ ਤੋਂ ਬਦਲ ਕੇ ਸੰਗਰੂਰ ਭੇਜ ਦਿੱਤਾ। ਇੱਥੇ ਹੀ ਬਲਿਊ ਸਟਾਰ ਐਕਸ਼ਨ ਵੇਲੇ ਮੇਰੇ ਤੇ ਸੀ.ਆਰ.ਪੀ. ਲਾ ਦਿੱਤੀ ਗਈ। ਅੰਦਰ ਫਾਂਸੀ ਕੋਠੀ ਮੇਰੀ ਗਿਣਤੀ

ਪਾ ਦਿੱਤੀ ਗਈ। ਉਸ ਵਕਤ ਮੇਰੀ ਮੁਲਾਕਾਤ ਤੇ ਬਹੁਤ ਸੰਗਤ ਆਉਂਦੀ ਸੀ, ਰੋਜ਼ਾਨਾ ਹੀ ਸੈਂਕੜੇ ਆਦਮੀ ਹੁੰਦੇ ਸਨ, ਪਰ 6 ਜੂਨ 1984 ਨੂੰ ਸਭ ਬੰਦ ਕਰ ਦਿੱਤਾ ਗਿਆ ਤੇ ਸਮਾਨ ਵੀ ਸਭ ਸੀ.ਆਰ.ਪੀ. ਨੇ ਖੋਹ ਲਿਆ। ਟੇਪ ਕੈਸਿਟਾਂ ਸਭ ਸੰਤਾਂ ਦੀਆਂ ਜ਼ਬਤ ਹੋ ਗਈਆਂ।

9 ਜੂਨ ਦੀ ਰਾਤ ਨੂੰ ਐਸ.ਐਸ.ਪੀ. ਬੈਂਸ ਜੋ ਸੰਗਰੂਰ ਲੱਗਾ ਸੀ, ਉਹ ਸਿੰਘਾਂ ਦੀ ਹਿੱਟ ਲਿਸਟ ਤੇ ਸੀ ਤੇ ਮੇਰੇ ਕੋਲ਼ ਉਸ ਨੂੰ ਮਾਰਨ ਲਈ ਮੁਲਾਕਾਤ ਦੇ ਬਹਾਨੇ ਸਿੰਘ ਆਉਂਦੇ ਸਨ। ਬ੍ਰਿਗੇਡੀਅਰ ਵੀ ਬੈਂਸ ਹੀ ਸੀ। ਇਸ ਜ਼ਿਲ੍ਹੇ ਦਾ ਚਾਰਜ ਜਦੋਂ ਫ਼ੌਜ ਨੂੰ ਸੰਭਾਲ਼ ਦਿੱਤਾ ਸੀ, ਤਾਂ ਬੈਂਸ ਨੇ 9 ਜੂਨ ਦੀ ਰਾਤ 10 ਵਜੇ ਮੈਨੂੰ ਮਿਲਣ ਆਉਣ ਦੇ ਬਹਾਨੇ ਆਏ ਕਿ ਅਸੀਂ ਵੇਖਣਾ ਹੈ, ਕਿੱਥੇ ਬੰਦ ਰੱਖਦੇ ਹੋ। ਇਸ ਬਹਾਨੇ ਇਹਨਾਂ ਦਾ ਮੈਨੂੰ ਬਾਹਰ ਕੱਢ ਕੇ ਗੋਲੀ ਮਾਰਨ ਦਾ ਪ੍ਰੋਗਰਾਮ ਸੀ ਤੇ ਬਾਅਦ 'ਚ ਕਹਿ ਦੇਣਾ ਸੀ ਕਿ ਭੱਜਣ ਲੱਗਾ ਸੀ, ਪਰ 9 ਜੂਨ ਤਕ ਜੇਲ੍ਹ ਸਿੰਘਾਂ ਦੀ ਗ੍ਰਿਫ਼ਤਾਰੀ ਨਾਲ਼ ਭਰ ਗਈ ਸੀ ਤੇ ਜ਼ਨਾਨਹਾਤੇ ਵੀ। ਅੰਮ੍ਰਿਤਸਰ ਪ੍ਰਕਰਮਾ 'ਚੋਂ ਸੰਗਰੂਰ ਦੀਆਂ ਬੀਬੀਆਂ ਜੋ ਫੜੀਆਂ ਸਨ, 100 ਦੇ ਕਰੀਬ ਸਨ। ਕੱਪੜੇ ਪਾਟੇ ਹੋਏ ਸਨ, ਚੱਪਲਾਂ ਨਹੀਂ ਸਨ, ਬੁਰਾ ਹਾਲ ਸੀ। ਜੂਨ ਦਾ ਮਹੀਨਾ ਸੀ, ਕਈਆਂ ਕੋਲ਼ ਬੱਚੇ ਸਨ, ਕਈਆਂ ਬੀਬੀਆਂ ਦੇ ਨਾਲ਼ ਗਏ ਪਰਿਵਾਰ ਦੇ ਮੈਂਬਰ ਉਥੇ ਸ਼ਹੀਦ ਹੋ ਗਏ ਸਨ, ਜੋ ਬੀਬੀਆਂ ਨੂੰ ਕਿਸੇ ਨੇ ਦੱਸ ਦਿੱਤਾ ਸੀ ਸੰਤਰੀਆਂ ਨੇ। ਇਹਨਾਂ ਨੇ ਵੀ ਨਾਹਰੇਬਾਜ਼ੀ ਸ਼ੁਰੂ ਕਰ ਦਿੱਤੀ ਤੇ ਹੋਰ ਬੈਰਕਾਂ ਤੋਂ ਸਿੰਘ ਕੰਧਾਂ ਟੱਪ ਕੇ ਮੇਰੀ ਚੱਕੀ ਕੋਲ਼ ਆ ਗਏ ਕਿਉਂਕਿ ਉਸ ਵਕਤ ਜੇਲ੍ਹ ਵਿੱਚ ਗਿਣਤੀ 1200 ਹੋ ਗਈ ਸੀ। ਰਾਤ ਨੂੰ ਬੰਦੀ ਨਹੀਂ ਸੀ ਹੁੰਦੀ। ਇਹ ਸਭ ਰੌਲ਼ਾ, ਉਸ ਵਕਤ ਧਾਲੀਵਾਲ਼ ਸੁਪਰਡੈਂਟ ਹੁੰਦਾ ਸੀ, ਉਸ ਨੇ ਖ਼ੁਦ ਦੱਸ ਕੇ ਪੁਆਇਆ ਸੀ ਤਾਂ ਕਿ ਮੇਰਾ ਬਚਾਅ ਹੋ ਸਕੇ।

ਸੋ ਰੌਲ਼ਾ ਬਹੁਤ ਪੈ ਗਿਆ ਸੀ ਤੇ ਪੁਲੀਸ ਵਾਲ਼ੇ ਕੁਝ ਘਬਰਾ ਗਏ। ਸੁਪਰਡੈਂਟ ਵੀ ਡਰ ਗਿਆ ਉਸ ਟਾਈਮ। ਸਭ ਅਫ਼ਸਰ ਫ਼ੌਜ ਤੋਂ ਡਰ ਰਹੇ ਸਨ, ਬੁਰਾ ਹਾਲ ਕਰਦੇ ਸਨ ਫ਼ੌਜੀ ਅਫ਼ਸਰ ਸਿਵਲ ਅਫ਼ਸਰਾਂ ਦਾ।

ਇਸ ਤੋਂ ਬਾਅਦ 4 ਜੁਲਾਈ 1984 ਨੂੰ ਇੱਕ ਹੋਰ ਜਹਾਜ਼ ਅਗਵਾ ਹੋ ਗਿਆ, ਲਾਹੌਰ ਉਤਾਰ ਲਿਆ ਗਿਆ ਤੇ ਉਹਨਾਂ ਨੇ ਮੇਰੀ ਰਿਹਾਈ ਦੀ ਮੰਗ ਰੱਖ ਦਿੱਤੀ, ਹਾਲਾਂਕਿ ਮੈਂ ਉਹਨਾਂ ਨੂੰ ਜਾਣਦਾ ਨਹੀਂ ਸੀ। ਉਹਨਾਂ ਨੇ ਸ਼ਰਤ ਰੱਖੀ ਸੀ ਕਿ ਅਗਰ 8 ਘੰਟੇ ਵਿੱਚ ਨਛੱਤਰ ਸਿੰਘ ਨੂੰ ਨਾ ਛੱਡਿਆ ਤਾਂ ਅਸੀਂ ਹਰ ਘੰਟੇ ਬਾਅਦ 1 ਮੁਸਾਫ਼ਰ ਮਾਰਾਂਗੇ। ਪਰ ਉਹਨਾਂ ਕੋਲ਼ ਕੋਈ ਹਥਿਆਰ ਨਹੀਂ ਸੀ ਤੇ ਪੁਲੀਸ ਨੇ ਉਹਨਾਂ ਨੂੰ 10 ਘੰਟੇ ਬਾਅਦ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿੱਚ ਉਹਨਾਂ ਨੂੰ 10 ਸਾਲ ਕੈਦ ਹੋਈ, ਜੋ ਲਾਹੌਰ ਹੀ ਕੱਟੀ ਸਾਰੀ ਜੇਲ੍ਹ, ਹੁਣ ਉਹ ਬਾਹਰ ਕਨੇਡਾ ਵਿੱਚ ਹਨ।

ਭਾਈ ਗੁਰਦੇਵ ਸਿੰਘ ਕਾਉਂਕੇ

ਪਰ ਇਸ ਤਰ੍ਹਾਂ ਮੇਰੀ ਰਿਹਾਈ ਦੀ ਮੰਗ ਕਰਨ ਦਾ ਮੇਰੇ ਉੱਪਰ ਉਲਟ ਅਸਰ ਹੋਇਆ। ਦਿੱਲੀ ਤੋਂ ਫਿਰ ਨਵੇਂ ਅਫ਼ਸਰ ਆਉਣ ਲੱਗੇ ਤੇ ਮੈਨੂੰ ਬੇੜੀਆਂ ਲਾ ਕੇ ਫਾਂਸੀ ਕੋਠੀ ਵਿੱਚ ਬੰਦ ਰੱਖਣ ਦਾ ਹੁਕਮ ਹੋ ਗਿਆ ਤੇ ਮੁਲਾਕਾਤ ਬੰਦ ਕਰ ਦਿੱਤੀ । ਡਿਓੜ੍ਹੀ ਵਿੱਚ ਸੀ.ਆਈ.ਡੀ. ਦਾ ਪਹਿਰਾ ਲਾ ਦਿੱਤਾ ਗਿਆ। ਮੇਰਾ ਸਾਰਾ ਕੰਮ ਹੀ ਮੁਸ਼ਕਲ ਹੋ ਗਿਆ। ਬਾਹਰ ਤੋਂ ਸਾਰਾ ਲਿੰਕ ਟੁੱਟ ਗਿਆ ਤੇ ਕੋਈ ਵੀ ਜਾਣਕਾਰੀ ਨਹੀਂ ਸੀ ਮਿਲਦੀ। ਸੀ.ਆਰ.ਪੀ. ਵਾਲ਼ੇ ਬਹੁਤ ਖ਼ਰਾਬ ਸੀ, ਚਮਚਾ ਵੀ ਕੋਲ਼ ਨਹੀਂ ਸੀ ਰੱਖਣ ਦਿੰਦੇ। ਸੋ 3 ਮਹੀਨੇ ਇਸੇ ਤਰ੍ਹਾਂ ਹੀ ਰਿਹਾ, ਫਿਰ ਰਿੱਟ

ਕੀਤੀ ਗਈ ਕੋਰਟ ਵਿੱਚ। ਫਿਰ ਸੀ.ਆਰ.ਪੀ. ਬਾਹਰ ਗਈ ਤੇ ਮੁਲਾਕਾਤ ਵੀ ਖੁੱਲ੍ਹ ਗਈ, ਬੇੜੀ ਵੀ ਖੁੱਲ੍ਹ ਗਈ ਤੇ ਫਾਂਸੀ ਕੋਠੀ ਵਿੱਚੋਂ ਗਿਣਤੀ ਵੀ ਠੀਕ ਹੋ ਗਈ। ਸਾਰਾ ਦਿਨ ਖੁੱਲ੍ਹਾ ਰਹਿਣ ਲੱਗਾ। ਇੱਥੇ ਹੀ ਬਾਅਦ ਵਿੱਚ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਤੇ ਹੋਰ ਕਾਫੀ ਸਿੰਘ ਆ ਗਏ ਤੇ ਪ੍ਰੇਮ ਸਿੰਘ ਚੰਦੂਮਾਜਰਾ, ਸ੍ਰ. ਸੁਖਜਿੰਦਰ ਸਿੰਘ ਵਿੱਦਿਆ ਮੰਤਰੀ ਤੇ ਹੋਰ ਬਹੁਤ ਸਨ। ਫਿਰ ਰੌਣਕਾਂ ਲੱਗ ਗਈਆਂ। ਇੱਥੇ ਹੀ ਸੰਤਾਂ ਦਾ ਭਰਾ ਭਾਈ ਜਗਜੀਤ ਸਿੰਘ ਵੀ ਆ ਗਿਆ ਸੀ।

ਉਧਰ ਦਰਬਾਰ ਸਾਹਿਬ ਤੇ ਫੌਜੀ ਹਮਲੇ ਸਮੇਂ ਜਦੋਂ ਟੌਹੜਾ ਤੇ ਲੌਂਗੋਵਾਲ ਨੂੰ ਗ੍ਰਿਫਤਾਰ ਕਰ ਲਿਆ ਸੀ ਤਾਂ ਬਾਅਦ ਵਿੱਚ ਪੰਜਾਬ ਵਿੱਚ ਕੋਈ ਲੀਡਰ ਨਹੀਂ ਸੀ। ਮਾਨ ਵੀ ਜੇਲ੍ਹ ਵਿੱਚ ਸੀ ਭਾਗਲਪੁਰ। ਇੱਧਰ ਬਾਬਾ ਜੋਗਿੰਦਰ ਸਿੰਘ ਜੀ ਹੀ ਸਨ, ਜੋ ਬਾਹਰ ਥੋੜ੍ਹਾ ਬਹੁਤ ਪ੍ਰਚਾਰ ਧਰਮ ਦਾ ਚੱਲ ਰਿਹਾ ਸੀ, ਉਹ ਸਭ ਕੁਝ ਖਤਮ ਹੋ ਗਿਆ ਸੀ। ਸਿੱਖ ਕੌਮ ਡਾਂਵਾਂ ਡੋਲ ਹੋ ਗਈ ਸੀ, ਪਰ ਬੇਅੰਤ ਸਿੰਘ ਤੇ ਸਤਵੰਤ ਸਿੰਘ ਦੇ ਇੰਦਰਾ ਨੂੰ ਖਤਮ ਕਰਨ ਨਾਲ ਫਿਰ ਹੌਸਲਾ ਹੋ ਗਿਆ ਕੌਮ ਵਿੱਚ, ਤੇ ਨੌਜਵਾਨ ਫਿਰ ਕੁਝ ਨਾ ਕੁਝ ਕਰਨ ਲਈ ਕਾਹਲੇ ਹੋ ਗਏ।

ਉਧਰ ਮਾਰਚ, ਅਪ੍ਰੈਲ ਵਿੱਚ ਲੌਂਗੋਵਾਲ ਤੇ ਟੌਹੜਾ-ਬਾਦਲ ਨੂੰ ਸਰਕਾਰ ਨੇ ਜੇਲ੍ਹਾਂ ਤੋਂ ਰਿਹਾਅ ਕਰ ਦਿੱਤਾ ਤੇ ਸਭ ਨੇ ਹੀ ਮੇਰੇ ਨਾਲ ਰਿਹਾਅ ਹੋਣ ਸਾਰ ਮੁਲਾਕਾਤਾਂ ਕੀਤੀਆਂ। ਲੌਂਗੋਵਾਲ ਤਿੰਨ ਵਾਰ ਦੋ ਦਿਨਾਂ ਵਿੱਚ ਹੀ ਮੁਲਾਕਾਤ ਕਰ ਕੇ ਗਿਆ। ਟੌਹੜਾ ਸਾਬ੍ਹ ਵੀ ਦੋ ਵਾਰ ਹਫਤੇ ਵਿੱਚ ਮਿਲ ਕੇ ਗਏ। ਬਾਦਲ ਵੀ ਇੱਕ ਵਾਰ ਮਿਲਣ ਆਇਆ, ਕਿਉਂਕਿ ਇਹ ਲੀਡਰ ਫ਼ੇਲ੍ਹ ਹੋ ਗਏ ਸਨ। ਉਸ ਵਕਤ ਲੋਕ ਇਹਨਾਂ ਤੇ ਦੁਖੀ ਸਨ ਤੇ ਬਾਬਾ ਜੋਗਿੰਦਰ ਸਿੰਘ ਮੇਰੇ ਨਾਲ ਮਿਲਦੇ ਰਹਿੰਦੇ ਸਨ। ਭਾਈ ਜਗਜੀਤ ਸਿੰਘ ਸੰਤਾਂ ਦੇ ਭਾਈ ਮੇਰੇ ਕੋਲ ਹੀ ਸਨ। ਸੋ ਮੈਂ ਸਭ ਨਾਲ ਸਭ ਦੀ ਮੁਲਾਕਾਤ ਕਰਾਈ ਕਿ ਅਕਾਲੀ ਦਲ ਨਵਾਂ ਬਣ ਜਾਵੇ ਤੇ ਮਾਨ ਨੂੰ ਪ੍ਰਧਾਨ ਮੰਨ ਲਿਆ ਜਾਵੇ। ਮੈਂ ਲੌਂਗੋਵਾਲ ਤੇ ਤਲਵੰਡੀ ਤੋਂ ਅਸਤੀਫਾ ਲਿਖਾ ਲਿਆ। ਇਹ ਦੋਵੇਂ ਦੋ ਅਕਾਲੀ ਦਲਾਂ ਦੇ ਪ੍ਰਧਾਨ ਸਨ। ਸੋ ਇੱਥੇ ਹੀ ਮੇਰੇ ਰਾਹੀਂ 31 ਮਈ 1985 ਨੂੰ ਸਭ ਤੋਂ ਪਹਿਲਾਂ ਅਸੀਂ ਹੀ ਮਾਨ ਨੂੰ ਪ੍ਰਧਾਨ ਬਣਾਉਣ ਵਿੱਚ ਅਹਿਮ ਹਿੱਸਾ ਪਾਇਆ ਸੀ। ਬਾਅਦ ਵਿੱਚ ਮਾਨ ਸਾਬ੍ਹ ਰਿਹਾਅ ਹੋਣ ਤੋਂ ਬਾਅਦ ਐਮ.ਪੀ. ਬਣਨ ਤੇ ਕਈ ਵਾਰ ਮੁਲਾਕਾਤ ਕਰ ਕੇ ਗਏ।

ਜੇਲ੍ਹ ਦੀ ਕੋਠੜੀ ਵਿੱਚ ਭਾਈ ਨਛੱਤਰ ਸਿੰਘ ਰੋਡੇ ਸਾਥੀ ਸਿੰਘਾਂ ਨਾਲ

ਨਾਭਾ ਜੇਲ੍ਹ ਵਿੱਚ ਹੀ ਮੇਰੇ ਸਿਰ ਵਿੱਚ ਭਾਰੀ ਸੱਟ ਵੱਜੀ ਸੀ, ਦਰਖ਼ਤ ਉੱਪਰ ਡਿੱਗ ਪਿਆ ਸੀ ਸਿੱਧਾ ਹੀ ਇੱਕ ਟਾਹਣਾ ਸਿਰ ਦੇ ਵਿੱਚ ਵੜ ਗਿਆ ਸੀ ਤੇ 8 ਘੰਟੇ ਸੁਰਤ ਨਹੀਂ ਸੀ ਆਈ। ਫੌਰਨ ਰਜਿੰਦਰਾ ਹਸਪਤਾਲ ਦਾਖ਼ਲ ਕੀਤਾ ਗਿਆ। 12 ਟਾਂਕੇ ਲੱਗੇ ਤੇ 2 ਮਹੀਨੇ ਦਾਖ਼ਲ ਰਿਹਾ ਸੀ। ਉਸ ਵਕਤ ਯਾਦਦਾਸ਼ਤ ਕਾਫ਼ੀ ਕਮਜ਼ੋਰ ਹੋ ਗਈ ਹੈ ਤੇ ਨੇੜੇ ਦੀ ਐਨਕ ਵੀ ਵਰਤਣੀ ਪੈਂਦੀ ਹੈ। ਇਸ ਸੱਟ ਨੇ 2 ਸਾਲ ਤਕ ਤਾਂ ਦਿਮਾਗੀ ਤੌਰ ਤੇ ਕਾਫ਼ੀ ਪਰੇਸ਼ਾਨ ਕੀਤਾ। ਕਈ ਵਾਰ ਤਾਂ ਦੋ ਦੋ ਮਿੰਟ ਦਿਮਾਗੀ ਕਨੈਕਸ਼ਨ ਟੁੱਟ ਜਾਂਦਾ ਸੀ, ਪਰ ਹੁਣ ਸਭ ਠੀਕ ਹੈ। ਪਰ ਯਾਦਦਾਸ਼ਤ ਵਿੱਚ ਕਾਫ਼ੀ ਫ਼ਰਕ ਹੈ। ਪਹਿਲਾਂ ਦਿਮਾਗ ਤਾਂ ਬਹੁਤ ਜ਼ਿਆਦਾ ਕੰਮ ਕਰਦਾ ਸੀ ਤੇ ਵੱਡੇ ਵੱਡੇ ਲੀਡਰਾਂ ਨੂੰ ਗੱਲ ਨਹੀਂ ਸੀ ਕਰਨ ਦਿੰਦਾ, ਹੁਣ ਕੰਮ ਚੱਲੀ ਜਾਂਦਾ ਹੈ।

ਸੋ ਮਾਨ ਸਾਹਿਬ ਤਾਂ ਜੇਲ੍ਹ ਵਿੱਚ ਸਨ, ਬਾਬਾ ਜੋਗਿੰਦਰ ਸਿੰਘ ਐਕਟਿੰਗ ਪ੍ਰਧਾਨ ਬਣ ਗਏ, ਪਰ ਇਹ ਸੁਭਾਅ ਦੇ ਕੁਝ ਠੀਕ ਨਹੀਂ ਸਨ ਤੇ ਰਾਜਨੀਤੀ ਬਾਰੇ ਮਾਹਰ ਨਹੀਂ ਸਨ। 1991 ਤੋਂ ਬਾਅਦ ਮੇਰਾ ਇਸ ਪਰਿਵਾਰ ਨਾਲ਼ ਕੋਈ ਸੰਬੰਧ ਨਹੀਂ ਹੈ ਕਿਸੇ ਕਿਸਮ ਦਾ ਹੀ।

ਫਿਰ ਮਹੀਨੇ ਬਾਅਦ ਹੀ ਲੌਂਗੋਵਾਲ਼ ਪ੍ਰਧਾਨ ਬਣ ਗਏ ਅਕਾਲੀ ਦਲ ਦੇ ਤੇ ਬਾਅਦ ਵਿੱਚ 20 ਅਗਸਤ 1985 ਨੂੰ ਮਾਰ ਦਿੱਤੇ ਗਏ ਸਮਝੌਤਾ ਕਰਨ ਕਾਰਨ, ਇਸ ਬਾਰੇ ਤਾਂ ਅੱਗੇ ਸਭ ਨੂੰ ਪਤਾ ਹੀ ਹੈ।

ਜੂਨ 1985 ਵਿੱਚ ਮੈਨੂੰ ਬਦਲ ਕੇ ਸੰਗਰੂਰ ਜੇਲ੍ਹ ਤੋਂ ਨਾਭਾ ਜੇਲ੍ਹ ਭੇਜ ਦਿੱਤਾ ਗਿਆ ਕਿਉਂਕਿ ਸੰਗਰੂਰ ਮੁਲਾਕਾਤ ਜ਼ਿਆਦਾ ਹੁੰਦੀ ਸੀ ਤੇ ਜੇਲ੍ਹ ਵਾਲ਼ੇ ਤੰਗ ਸਨ। ਓਥੇ ਵੀ ਮੇਰੀ ਮੁਲਾਕਾਤ ਸਾਰਾ ਦਿਨ ਹੀ ਆਉਂਦੀ ਸੀ ਤੇ ਸਾਰੀ ਰਿਪੋਰਟ ਚੰਡੀਗੜ੍ਹ ਜਾਂਦੀ ਸੀ। ਫਿਰ ਮੇਰਾ ਚਲਾਨ ਅੰਬਾਲ਼ੇ ਜੇਲ੍ਹ ਦਾ ਹਰਿਆਣੇ ਦਾ ਪਾ ਦਿੱਤਾ ਗਿਆ ਤੇ 3 ਮਹੀਨੇ ਹਰਿਆਣੇ ਰਿਹਾ। ਬਹੁਤ ਮੁਸ਼ਕਲ ਸੀ ਓਥੇ ਹਮੇਸ਼ਾ ਬੰਦ ਹੀ ਰੱਖਿਆ ਗਿਆ। ਫਿਰ ਮੈਂ ਰਿੱਟ ਹਾਈਕੋਰਟ ਕੀਤੀ ਤੇ ਵਾਪਸ ਅਕਤੂਬਰ 1985 ਵਿੱਚ ਨਾਭੇ ਹੀ ਆ ਗਿਆ। ਇਸ ਤੋਂ ਬਾਅਦ 10 ਨਵੰਬਰ 1985 ਨੂੰ ਹੀ ਮੈਨੂੰ ਫਿਰ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ।

ਜੇਲ੍ਹ 'ਚ ਸਾਥੀਆਂ ਨਾਲ ਪ੍ਰਸ਼ਾਦਾ ਛਕਦੇ ਭਾਈ ਨਛੱਤਰ ਸਿੰਘ ਰੋਡੇ

ਇਸ ਤੋਂ ਬਾਅਦ ਫਿਰ ਮਾਰਚ 1986 ਨੂੰ ਮੈਨੂੰ ਸੰਗਰੂਰ ਤੋਂ ਬਦਲ ਕੇ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਮਹੀਨੇ ਬਾਅਦ ਹੀ ਫਿਰ ਵਾਪਸ ਸੰਗਰੂਰ ਭੇਜ ਦਿੱਤਾ ਗਿਆ। ਇਸ ਤੋਂ ਬਾਅਦ 13 ਜੁਲਾਈ 1986 ਨੂੰ ਹੀ ਪਟਿਆਲ਼ਾ ਜੇਲ੍ਹ ਭੇਜ ਦਿੱਤਾ ਗਿਆ ਤੇ ਫਿਰ 17 ਮਈ 1987 ਨੂੰ ਵਾਪਸ ਸੰਗਰੂਰ ਜੇਲ੍ਹ ਹੀ ਭੇਜ ਦਿੱਤਾ ਗਿਆ। 17 ਮਈ 1987 ਤੋਂ ਲੈ ਕੇ ਲਗਾਤਾਰ ਹੀ 16 ਸਤੰਬਰ 1992 ਤਕ ਮੈਂ ਸੰਗਰੂਰ ਜੇਲ੍ਹ ਹੀ ਰਿਹਾ ਤੇ ਇੱਥੇ ਬੜੇ ਹਾਲਾਤ ਵੇਖੇ। 14 ਅਕਤੂਬਰ ਨੂੰ ਇਸ ਜੇਲ੍ਹ ਵਿੱਚ ਗੋਲ਼ੀ ਚੱਲ ਗਈ। ਜਗਰੂਪ ਸਿੰਘ ਡਿਪਟੀ ਸੀ ਇਸ ਸਮੇਂ। 4 ਸਿੰਘ ਸ਼ਹੀਦ ਹੋ ਗਏ, ਕੈਦੀ ਬੈਰਕਾਂ ਵਿੱਚ ਬਹੁਤ ਫੱਟੜ ਹੋ ਗਏ ਤੇ ਜੇਲ੍ਹ ਦੇ ਹਾਲਾਤ ਖ਼ਰਾਬ ਹੋ ਗਏ। ਸਖਤੀ ਬਹੁਤ ਹੋ ਗਈ ਜੇਲ੍ਹ ਵਿੱਚ, ਪਰ ਫਿਰ ਅਸੀਂ ਮੈਂ ਹੌਲ਼ੀ ਹੌਲ਼ੀ ਕਾਫ਼ੀ ਠੀਕ ਕਰ ਲਏ। ਮੈਂ ਹੀ ਇੱਥੇ ਸਭ ਦਾ ਆਗੂ ਸੀ। ਮੈਂ 1984 ਤੋਂ ਬਾਅਦ ਲਗਾਤਾਰ ਨਾਭੇ, ਪਟਿਆਲ਼ੇ ਤੇ ਸੰਗਰੂਰ ਪ੍ਰਧਾਨ ਹੁੰਦਾ ਸੀ ਹਰ ਜੇਲ੍ਹ ਵਿੱਚ, ਸਾਰੇ ਗਰੁੱਪ ਹੀ ਖਾੜਕੂਆਂ ਦੇ ਮੇਰੇ ਨਾਲ਼ ਸਹਿਮਤ ਸਨ। ਮੇਰੇ ਨਾਲ਼ ਰਹੇ

ਜੇਲ੍ਹ ਵਿੱਚ ਹੋਰ ਬੰਦੀ ਸਿੰਘਾਂ ਨਾਲ ਭਾਈ ਨਛੱਤਰ ਸਿੰਘ ਰੋਡੇ

ਹਜ਼ਾਰਾਂ ਹੀ ਨੌਜਵਾਨ ਸ਼ਹੀਦ ਹੋ ਗਏ ਸਨ, ਜੋ ਜ਼ਿਆਦਾਤਰ ਇਸ ਜੇਲ੍ਹ ਵਿੱਚੋਂ ਹੀ ਜੇਲ੍ਹ ਕੱਟ ਕੇ ਗਏ ਸਨ। ਪੰਜਾਬ ਦੇ ਸਭ ਜ਼ਿਲ੍ਹਿਆਂ ਦੇ ਖਾੜਕੂ ਇੱਥੇ ਹੀ ਸਭ ਤੋਂ ਵੱਧ ਰਹੇ ਹਨ, ਖ਼ਾਸ ਕਰ ਕੇ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ, ਰੋਪੜ ਜ਼ਿਲ੍ਹੇ ਬੱਬਰ ਖ਼ਾਲਸਾ ਦੇ ਸਭ ਤੋਂ ਵੱਧ ਵਰਕਰ ਮੇਰੇ ਨਾਲ਼ ਰਹੇ ਹਨ, ਖ਼ਾਸ ਕਰ ਕੇ ਰੋਪੜ ਜ਼ਿਲ੍ਹੇ ਦੇ ਜੋ ਕਿ ਹੁਣ ਸਭ ਹੀ ਸ਼ਹੀਦ ਹੋ ਗਏ ਹਨ। 1989 ਵਿੱਚ ਜੋਧਪੁਰ ਤੋਂ ਹਰਮਿੰਦਰ ਸਿੰਘ ਸੰਧੂ, ਅਮਰਜੀਤ ਸਿੰਘ ਚਾਵਲਾ ਇਹ ਵੀ ਮੇਰੇ ਨਾਲ਼ ਹੀ ਰਹੇ ਹਨ ਇੱਥੇ। ਉਸ ਵਕਤ ਸਿਰਫ਼ ਅਸੀਂ ਤਿੰਨ ਹੀ ਸਾਂ ਇਸ ਜੇਲ੍ਹ ਵਿੱਚ।

ਬੰਦੀ ਸਿੰਘਾਂ ਦੀ ਇੱਕ ਤਸਵੀਰ, ਭਾਈ ਨਛੱਤਰ ਸਿੰਘ ਰੋਡੇ ਦੇ ਹੱਥ ਵਿੱਚ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਹੈ

1989 ਦੀਆਂ ਚੋਣਾਂ ਐਮ.ਪੀ. ਦੀਆਂ ਹੋਈਆਂ ਤਾਂ ਸਭ ਜੋ ਐਮ.ਪੀ ਬਣੇ ਸਨ, ਮਾਨ ਸਾਹਿਬ, ਅਤਿੰਦਰਪਾਲ ਸਿੰਘ, ਰਜਿੰਦਰ ਕੌਰ ਬੁਲਾਰਾ, ਬਾਬਾ ਸੁੱਚਾ ਸਿੰਘ, ਬੀਬੀ ਬਿਮਲ ਕੌਰ ਖ਼ਾਲਸਾ, ਜਥੇਦਾਰ ਜਗਦੇਵ ਸਿੰਘ ਖੁਡੀਆਂ, ਰਾਜਦੇਵ ਸਿੰਘ ਬਰਨਾਲ਼ਾ, ਇਹ ਸਭ ਹੀ ਬਹੁਤ ਵਾਰ ਮੁਲਾਕਾਤ ਕਰ ਕੇ ਜਾਂਦੇ ਰਹੇ। ਬੀਬੀ ਬਿਮਲ ਕੌਰ ਖ਼ਾਲਸਾ ਨੇ ਤੇ 5 ਵਾਰ ਮੁਲਾਕਾਤ ਕੀਤੀ ਸੀ। ਬਾਕੀ ਹੋਰ ਲੀਡਰ ਟੌਹੜਾ ਸਾਬ੍ਹ, ਬਾਦਲ ਸਾਬ੍ਹ, ਮਾਨ ਸਾਬ੍ਹ ਤਾਂ ਇਸ ਸਮੇਂ ਦੌਰਾਨ ਬਹੁਤ ਮਿਲਦੇ ਰਹੇ ਹਨ। ਪਿਛਲੇ 1987 ਤੋਂ ਬਾਅਦ 1992 ਤਕ ਬਾਹਰ ਕਾਫ਼ੀ ਸੰਪਰਕ ਰਿਹਾ ਮੇਰਾ ਖਾੜਕੂ ਸਿੰਘਾਂ ਦੇ ਸਭ ਹੀ ਗਰੁੱਪਾਂ ਨਾਲ਼, ਸਾਰੇ ਹੀ ਸੰਪਰਕ ਵਿੱਚ ਸਨ। ਖ਼ਾਸ ਖ਼ਾਸ ਲੀਡਰ ਇਹ ਸਭ ਹੀ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਰਹੇ ਹਨ।

ਜੇਲ੍ਹ ਵਿੱਚ ਇੱਕ ਹੋਰ ਸਿੰਘ ਨਾਲ ਭਾਈ ਨਛੱਤਰ ਸਿੰਘ ਰੋਡੇ

ਜੂਨ 1991 ਵਿੱਚ ਫਿਰ ਐਮ.ਪੀ. ਤੇ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਸਨ। ਮੈਂ ਵੀ ਸੰਗਰੂਰ ਸੀਟ ਤੋਂ ਐਮ.ਪੀ. ਦੇ ਕਾਗਜ਼ ਭਰ ਦਿੱਤੇ ਸਨ ਤੇ ਬਾਘੇ ਪੁਰਾਣੇ ਤੋਂ ਐਮ.ਐਲ.ਏ. ਦੇ ਭਰੇ ਸਨ। ਸੰਗਰੂਰ ਤੋਂ ਤਾਂ ਮੇਰੇ ਕਾਗਜ਼ ਰੱਦ ਹੋ ਗਏ ਸਨ, ਪਰ ਬਾਘੇ ਪੁਰਾਣੇ ਤੋਂ ਠੀਕ ਹੋ ਗਏ ਸਨ। ਮੇਰੇ ਵਿਰੁੱਧ ਭਾਈ ਜਸਵੀਰ ਸਿੰਘ ਦੇ ਪਰਿਵਾਰ ਵਾਲ਼ੇ ਸਨ, ਕੈਪਟਨ ਹਰਚਰਨ ਸਿੰਘ ਰੋਡੇ। ਮੈਂ ਅੰਦਰ ਸੀ, ਉਹ ਬਾਹਰ ਸਨ। ਸਭ ਖਾੜਕੂ ਮੇਰੀ ਮਦਦ ਤੇ ਆ ਗਏ ਤੇ ਇਹਨਾਂ ਦਾ ਬੁਰਾ ਹਾਲ ਹੋ ਗਿਆ ਸੀ, ਪਰ ਚੋਣਾਂ ਤੋਂ ਪਹਿਲਾਂ ਹੀ ਇੱਕ ਦਿਨ ਚੋਣਾਂ ਸਾਰੇ ਪੰਜਾਬ ਵਿੱਚ ਰੱਦ ਕਰ ਦਿੱਤੀਆਂ ਗਈਆਂ, ਨਹੀਂ ਤਾਂ ਮੇਰੀ ਜਿੱਤ ਹੋਣੀ ਸੀ।

16 ਸਤੰਬਰ 1992 ਨੂੰ ਮੇਰਾ ਚਲਾਨ ਸੰਗਰੂਰ ਤੋਂ ਨਾਭੇ ਦਾ ਪਾ ਦਿੱਤਾ ਗਿਆ। 3 ਅਕਤੂਬਰ 1992 ਨੂੰ ਨਾਭੇ ਜੇਲ੍ਹ ਤੋਂ ਰਾਜਸਥਾਨ ਦੀ ਜੋਧਪੁਰ ਜੇਲ੍ਹ ਭੇਜ ਦਿੱਤਾ ਗਿਆ ਤੇ ਜਾਣ ਸਾਰ ਹੀ 4 ਅਕਤੂਬਰ 1992 ਨੂੰ ਫਾਂਸੀ ਕੋਠੀ 'ਚ ਬੰਦ ਕਰ ਦਿੱਤਾ ਗਿਆ। ਮੁਲਾਕਾਤ ਬੰਦ ਕਰ ਦਿੱਤੀ

ਗਈ, ਚਿੱਠੀ ਪੱਤਰ ਵੀ ਸਭ ਬੰਦ ਹੋ ਗਏ। 6 ਮਹੀਨੇ ਬਾਅਦ ਮੁਲਾਕਾਤ ਹੋਈ ਸਿਰਫ਼ ਇੱਕ ਆਦਮੀ ਭਰਾ ਦੀ ਹੀ, ਉਹ ਵੀ ਐਫ਼ੀਡੇਵਿਟ ਬਣਾ ਕੇ ਸਮੇਤ ਫੋਟੋ ਲੁਹਾ ਕੇ 10 ਮਿੰਟ ਮੁਲਾਕਾਤ ਹੋਈ ਸੀ। ਪਿੰਡ ਤੋਂ ਇਹ ਫ਼ਾਸਲਾ 1000 ਕਿੱਲੋਮੀਟਰ ਸੀ ਤੇ 3 ਦਿਨ ਦੋ ਰਾਤਾਂ ਮੁਲਾਕਾਤ ਲਈ ਕਿਸੇ ਦੇ ਵੀ ਆਉਣ ਤੇ ਲੱਗਦੀਆਂ ਸਨ। 1000 ਰੁਪੈ ਹੀ ਖ਼ਰਚਾ ਆਉਂਦਾ ਸੀ। ਰੋਟੀ ਪਾਣੀ ਬਹੁਤ ਮਾੜਾ ਸੀ, ਅਖ਼ਬਾਰ ਦੋ ਸਾਲ ਕੋਈ ਨਹੀਂ ਮਿਲਿਆ, ਨਾ ਹੀ ਕੋਈ ਕਿਤਾਬ ਦਿੰਦੇ ਸਨ ਪੜ੍ਹਨ ਨੂੰ। ਹੋਰ ਕੋਈ ਵੀ ਸਿੱਖ ਬੰਦੀ ਨਹੀਂ ਸੀ ਓਥੇ। ਬਾਅਦ ਵਿੱਚ ਟੌਹੜਾ ਸਾਬ੍ਹ ਨੇ ਹਾਈਕੋਰਟ ਵਿੱਚ ਰਿੱਟ ਕੀਤੀ ਤੇ ਫਿਰ 2 ਸਾਲ ਬਾਅਦ ਵਾਪਸ 31 ਅਗਸਤ 1994 ਨੂੰ ਸੰਗਰੂਰ ਜੇਲ੍ਹ ਵਿੱਚ ਆਇਆ।

ਇਹ ਜੋਧਪੁਰ ਦਾ ਚਲਾਨ ਇੱਕ ਚਿੱਠੀ ਖਾੜਕੂਆਂ ਨੂੰ ਲਿਖਣ ਕਾਰਨ ਪਿਆ ਸੀ। ਪਿੰਡ ਜਗ੍ਹਾ ਰਾਮ ਤੀਰਥ ਪਾਲੇ ਦੇ ਨਾਂ ਚਿੱਠੀ ਸੀ। ਪਾਲਾ ਉਸ ਵਕਤ ਬੱਬਰ ਖ਼ਾਲਸਾ ਦਾ ਭਗੌੜਾ ਬਠਿੰਡੇ, ਮਾਨਸੇ ਜ਼ਿਲ੍ਹੇ ਦਾ ਲੀਡਰ ਸੀ ਤੇ ਮੈਂ ਚਿੱਠੀ ਵਿੱਚ ਉਸ ਨੂੰ ਕਿਹਾ ਸੀ ਕਿ ਪਿੰਡ ਵਿੱਚ ਇੱਕ ਬ੍ਰਾਹਮਣ ਪਰਿਵਾਰ ਹੈ, ਉਸ ਦੀ ਰੱਖਿਆ ਕੀਤੀ ਜਾਵੇ। ਪਹਿਲਾਂ ਉਸ ਪਰਿਵਾਰ ਦੇ ਦੋ ਮੈਂਬਰ ਮਾਰ ਦਿੱਤੇ ਸਨ ਬਗ਼ੈਰ ਮਤਲਬ ਤੋਂ ਹੀ। ਇਸ ਪਰਿਵਾਰ ਦੀ ਮੇਰੇ ਦੋਸਤ ਦੇ ਪਿੰਡ ਰਿਸ਼ਤੇਦਾਰੀ ਸੀ ਤੇ ਮੈਨੂੰ ਉਹਨਾਂ ਕਿਹਾ ਕਿ ਤੁਸੀਂ ਪਾਲੇ ਹੋਰਾਂ ਨੂੰ ਚਿੱਠੀ ਲਿਖੋ ਕਿ ਸਾਡੀ ਰਾਖੀ ਕਰਨ। ਚਿੱਠੀ ਉਹ ਲੈ ਗਏ ਤੇ ਪਾਲੇ ਹੋਰਾਂ ਨੇ ਪੜ੍ਹ ਵੀ ਲਈ ਸੀ ਤੇ ਉਹ ਪਰਿਵਾਰ ਬਚ ਗਿਆ ਸੀ, ਪਰ ਉਹਨਾਂ ਨੇ ਉਹ ਚਿੱਠੀ ਪਾੜੀ ਨਾ ਤੇ ਘਰੇ ਜਗ੍ਹਾ ਰਾਮ ਤੀਰਥ ਅਲਮਾਰੀ ਵਿੱਚ ਰੱਖ ਲਈ।

ਜੇਲ੍ਹ ਵਿੱਚ ਹੋਰ ਬੰਦੀ ਸਿੰਘਾਂ ਨਾਲ ਭਾਈ ਨਛੱਤਰ ਸਿੰਘ ਰੋੜੇ (ਵਿਚਕਾਰ)

ਓਧਰ ਕੁਦਰਤੀ ਹੀ ਪਿੰਡ ਵਿੱਚ ਮੁਕਾਬਲਾ ਹੋ ਗਿਆ ਤੇ ਸੀ.ਆਰ.ਪੀ. ਤੇ ਪੁਲੀਸ ਦੇ 5 ਆਦਮੀ ਮਾਰੇ ਗਏ। ਜਦੋਂ ਦਰਸ਼ਨ ਸਿੰਘ ਦੇ ਘਰ ਦੀ ਤਲਾਸ਼ੀ ਹੋਈ ਤਾਂ ਇਹ ਚਿੱਠੀ ਪਾਲੇ ਦੇ ਘਰੋਂ ਤਲਾਸ਼ੀ ਵਿੱਚ ਮਿਲ ਗਈ। ਇਹ ਬਾਕਾਇਦਾ ਮੇਰੇ ਲੈਟਰ ਪੈਡ ਤੇ ਸੀ। ਮੇਰਾ ਇਹ ਨਿੱਜੀ ਲੈਟਰ ਪੈਡ ਸੀ ਤੇ ਇਸੇ ਪੈਡ ਤੇ ਹੀ ਸਭ ਨੂੰ ਚਿੱਠੀ ਪੱਤਰ ਚੱਲਦਾ ਸੀ, ਸਭ ਜੇਲ੍ਹ ਵਾਲੇ ਤੇ ਹੋਰ ਥਾਂ ਤੇ ਇਹੀ ਪੱਤਰ ਵਰਤਦੇ ਸਨ। ਵੋਟਾਂ ਵੇਲੇ ਇਹਨਾਂ ਚਿੱਠੀਆਂ ਰਾਹੀਂ ਹੀ ਲੋਕਾਂ ਨੂੰ ਵੋਟਾਂ ਪਾਉਣ ਲਈ ਕਿਹਾ ਸੀ ਤੇ ਇਸ ਤੇ ਹੀ ਅਖ਼ਬਾਰਾਂ ਨੂੰ ਖ਼ਬਰਾਂ ਦਿੰਦੇ ਸੀ। ਕੋਈ ਗ਼ੈਰ ਕਨੂੰਨੀ ਨਹੀਂ ਸੀ ਇਹ ਲੈਟਰ ਪੈਡ। ਸਿਰਫ਼ ਮੁਕਾਬਲਾ ਹੋਣ ਕਰ ਕੇ ਪੁਲੀਸ ਵਾਲੇ ਮਾਰੇ ਗਏ ਤੇ ਇਹ ਚਿੱਠੀ ਹੀ ਸਭ ਤੋਂ ਵੱਧ ਖ਼ਤਰਨਾਕ ਬਣ ਗਈ ਕਿ ਨਛੱਤਰ ਸਿੰਘ ਹੀ ਬਾਹਰ ਸਭ ਕੁਝ ਕਰਵਾ ਰਿਹਾ ਹੈ... ਸਭ ਆਦਮੀ ਇਹੀ ਅੰਦਰ ਬੈਠਾ ਮਰਵਾ ਰਿਹਾ ਹੈ... ਪੁਲੀਸ ਦੇ ਜੋ ਕਤਲ ਹੋ ਰਹੇ ਹਨ, ਸਭ ਜੇਲ੍ਹਾਂ ਵਿੱਚ ਬੈਠੇ ਪੁਰਾਣੇ ਆਦਮੀ ਹੀ ਕਰਾ ਰਹੇ ਹਨ।

ਸੋ ਇਸ ਚਿੱਠੀ ਦੇ ਕਾਰਨ ਹੀ ਦੋ ਸਾਲ ਬੜੀ ਮੁਸ਼ਕਲ ਦੇ ਕੱਟਣੇ ਪਏ, ਪਰ ਜਿਨ੍ਹਾਂ ਖ਼ਾਤਰ ਇਹ ਚਿੱਠੀ ਜਾਨ ਬਚਾਉਣ ਲਈ ਲਿਖੀ ਸੀ, ਉਹਨਾਂ ਨੇ ਮੁੜ ਕਦੇ ਮੁਲਾਕਾਤ ਵੀ ਨਹੀਂ ਕੀਤੀ।

9 ਸਤੰਬਰ 1981 ਤੋਂ ਲੈ ਕੇ ਅੱਜ ਤਕ 9 ਸਤੰਬਰ 1996 ਨੂੰ 15 ਸਾਲ ਪੂਰੇ ਹੋਣੇ ਹਨ। ਇਸ ਦੌਰਾਨ ਹੀ 2 ਫਰਵਰੀ 1992 ਨੂੰ ਮਾਤਾ ਜੀ ਸੁਰਗਵਾਸ ਹੋ ਗਏ ਤੇ ਸੁਪਰੀਮ ਕੋਰਟ ਵਿੱਚ 1 ਦਿਨ ਦੀ ਛੁੱਟੀ ਲਈ ਰਿੱਟ ਲਾਈ ਸੀ, ਉਹ ਵੀ ਰੱਦ ਹੋ ਗਈ ਸੀ। ਪਿਤਾ ਜੀ 1964 ਵਿੱਚ ਸੁਰਗਵਾਸ ਹੋ ਗਏ ਸਨ।

ਇਹਨਾਂ 15 ਸਾਲਾਂ ਦੌਰਾਨ ਇੱਕ ਵਾਰ ਵੀ ਮੈਨੂੰ ਛੁੱਟੀ ਨਹੀਂ ਦਿੱਤੀ ਗਈ। 4 ਵਾਰ

ਹਾਈਕੋਰਟ ਨੇ ਵੀ ਛੁੱਟੀ ਰੱਦ ਕਰ ਦਿੱਤੀ ਹੈ, ਸਰਕਾਰ ਨੇ ਮੈਨੂੰ 'ਖ਼ਤਰਨਾਕ ਅੱਤਵਾਦੀ' ਕਰਾਰ ਦੇ ਰੱਖਿਆ ਹੈ ਤੇ ਛੁੱਟੀ ਜਾਣ ਦੀ ਹਰ ਵਾਰ ਮੇਰੀ ਸਿਫ਼ਾਰਸ਼ ਰੱਦ ਕਰ ਦਿੱਤੀ ਜਾਂਦੀ ਹੈ।

ਹੋਰਨਾਂ ਸਭ ਉਮਰ ਕੈਦੀਆਂ ਨੂੰ ਹਰ ਸਾਲ 42 ਦਿਨਾਂ ਦੀ ਛੁੱਟੀ ਮਿਲਦੀ ਹੈ ਤੇ ਹਰ ਸਾਲ ਬਾਅਦ 21 ਦਿਨਾਂ ਦੀ ਹੋਰ ਵਾਧੂ ਛੁੱਟੀ ਮਿਲਦੀ ਹੈ ਤੇ ਹਰ ਸਾਲ ਖ਼ੁਸ਼ੀ-ਗ਼ਮੀ, ਘਰ, ਸੰਬੰਧੀ ਦੇ ਵਿਆਹ ਮਰਗ ਤੇ ਵੀ ਸਮੇਂ ਸਮੇਂ ਸਿਰ 15 ਦਿਨਾਂ ਦੀ ਛੁੱਟੀ ਮਿਲਦੀ ਹੈ। ਇਹ ਛੁੱਟੀਆਂ ਹਰ ਉਮਰ ਦੇ ਕੈਦੀ ਨੂੰ ਮਿਲਦੀਆਂ ਹਨ, ਪਰ ਮੇਰੀਆਂ ਇਹ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਹੁਣ ਤਕ 765 ਦਿਨਾਂ ਦੀ 15 ਸਾਲਾਂ ਵਿੱਚ ਮੇਰੀ ਛੁੱਟੀ ਸੀ, ਜੋ ਸਰਕਾਰ ਨੇ ਰੱਦ ਕਰ ਦਿੱਤੀ ਹੈ ਤੇ ਹਾਈਕੋਰਟ ਨੇ ਵੀ ਕਈ ਵਾਰ ਛੁੱਟੀ ਦੀ ਰਿੱਟ ਰੱਦ ਕਰ ਦਿੱਤੀ ਹੈ। ਇਹ ਸਿਰਫ਼ ਪੰਜਾਬ ਵਿੱਚ ਮੇਰੇ ਨਾਲ਼ ਹੀ ਸਰਕਾਰ ਇਹ ਵਿਤਕਰਾ ਕਰ ਰਹੀ ਹੈ, ਬਾਕੀ ਸਭ ਉਮਰ ਕੈਦੀ ਸਾਢੇ ਅੱਠ ਸਾਲ ਬਾਅਦ ਰਿਹਾਅ ਹੋ ਜਾਂਦੇ ਹਨ ਜਾਂ ਵੱਧ ਤੋਂ ਵੱਧ 10 ਸਾਲ ਕੱਟਦੇ ਹਨ, ਪਰ ਮੇਰੇ 15 ਸਾਲ ਪੂਰੇ ਹੋ ਰਹੇ ਹਨ। ਇਸ ਤੋਂ ਪਹਿਲਾਂ ਵੀ ਮੈਂ 1992 ਵਿੱਚ ਰਿਹਾਈ ਦੀ ਰਿੱਟ ਹਾਈਕੋਰਟ ਵਿੱਚ ਲਾਈ ਸੀ, ਪਰ ਉਹ ਵੀ ਹਾਈਕੋਰਟ ਨੇ ਰੱਦ ਕਰ ਦਿੱਤੀ ਸੀ ਕਿ ਇਹ ਖ਼ਤਰਨਾਕ ਕੈਦੀ ਹੈ ਤੇ ਇਸ ਦੇ ਬਾਹਰ ਜਾਣ ਤੇ ਹਿੰਦੁਸਤਾਨ ਦੀ ਸਕਿਓਰਟੀ ਨੂੰ ਖ਼ਤਰਾ ਹੈ। ਇਹ ਹੀ ਸਰਕਾਰ ਹਰ ਵਾਰ ਰਿਪੋਰਟ ਦਿੰਦੀ ਹੈ ਕਿ ਨਛੱਤਰ ਸਿੰਘ ਦੀ ਰਿਹਾਈ ਹੋਣ ਤੇ ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਹੈ। ਸੋ ਇਹ ਸਭ ਹਾਲਾਤ ਜੋ ਹਨ, ਚੱਲ ਰਹੇ ਹਨ, ਅੱਜ ਲਿਖਣ ਤਕ ਜਾਰੀ ਹੈ ਤੇ ਅਕਾਲ ਪੁਰਖ ਮਿਹਰ ਕਰਨਗੇ ਤਾਂ ਇਸ ਸਾਲ ਦੇ ਵਿੱਚ ਜ਼ਰੂਰ ਬਾਹਰ ਦੇ ਦਰਸ਼ਨ ਕਰਾਂਗੇ।

ਇਸ 15 ਸਾਲ ਦੀ ਕੈਦ ਦੌਰਾਨ ਤਿੰਨ ਟੀ.ਵੀ. ਗੁਆਚ ਗਏ, ਚਲਾਨ ਵਿੱਚ ਹੀ ਰਹਿ ਗਏ ਜੇਲ੍ਹਾਂ ਵਿੱਚ, ਦੋਸਤਾਂ ਕੋਲ਼ ਹੀ ਦੋ ਟੇਪ ਰਿਕਾਰਡਾਂ, ਬਾਕੀ ਹੋਰ ਕੀਮਤੀ ਫੋਟੋ ਤੇ ਲਿਖਿਆ ਮੈਟਰ ਵੀ ਗਾਇਬ ਹੋ ਗਿਆ ਤਲਾਸ਼ੀਆਂ ਵਿੱਚ, ਜੋ ਕਿ ਬਹੁਤ ਕੀਮਤੀ ਸੀ ਤੇ ਕਈ ਵਾਰ ਪੈਸੇ ਵੀ ਕਈ ਹਜ਼ਾਰ ਕਿਸੇ ਕੋਲ਼ ਹੀ ਫੜਾਏ ਹੋਏ ਰਹਿ ਗਏ, ਕਿਉਂਕਿ ਅਚਾਨਕ ਚਲਾਨ ਪੈ ਜਾਂਦਾ ਸੀ। ਇਸ ਸਾਰੇ ਸਮੇਂ ਦੌਰਾਨ ਮੈਨੂੰ ਪੰਜਾਬ ਵਿੱਚੋਂ ਬਹੁਤ ਖ਼ਾਸ ਖ਼ਾਸ ਲੋਕ ਮਿਲਣ ਵੀ ਆਏ ਸਨ ਤੇ ਹੋਰ ਬਹੁਤ ਦੋਸਤ ਮਿੱਤਰ ਤਾਂ ਹਜ਼ਾਰਾਂ ਵਿੱਚ ਹੀ ਹਨ, ਪਰ ਹੁਣ 1 ਸਾਲ ਤੋਂ ਕੁਝ ਘੱਟ ਹੈ। ਲੰਮਾ ਸਮਾਂ ਜੇਲ੍ਹਾਂ ਵਿੱਚ ਰਹਿਣ ਕਾਰਨ ਬਾਹਰਲਿਆਂ ਦੇ ਦਿਲ ਟੁੱਟ ਜਾਂਦੇ ਹਨ ਤੇ ਨਿਰਾਸ਼ ਹੋ ਜਾਂਦੇ ਹਨ ਕਿ ਸਰਕਾਰ ਨੇ ਛੱਡਣਾ ਤਾਂ ਹੈ ਨਹੀਂ। ਪ੍ਰੋਫੈਸਰ ਦਰਸ਼ਨ ਸਿੰਘ, ਸੰਤ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲ਼ੇ ਵੀ ਮੇਰੇ ਨਾਲ਼ ਹੀ ਜੇਲ੍ਹ 'ਚ ਬੰਦ ਰਹੇ ਹਨ।

ਬਾਕੀ ਲਿਖਾਈ ਮੇਰੀ ਐਸੀ ਵੈਸੀ ਹੀ ਹੈ। ਪੜ੍ਹਨ ਵਿੱਚ ਮੁਸ਼ਕਲ ਆਵੇਗੀ, ਪਰ ਸਮਝ ਤਾਂ ਲੱਗ ਹੀ ਜਾਂਦੀ ਹੈ। ਇੱਕੋ ਟਾਈਮ ਹੀ ਜ਼ਿਆਦਾ ਲਿਖਣ ਨਾਲ਼ ਲੰਮਾ ਜ਼ਿਆਦਾ ਹੀ ਲਿਖਾਈ ਖ਼ਰਾਬ ਹੋ ਜਾਂਦੀ ਹੈ। ਸੋ ਇਹ ਵੀ ਮੈਂ ਸਭ 2-3 ਨੂੰ ਹੀ ਲਿਖਿਆ ਹੈ ਮੋਟਾ ਮੋਟਾ ਜਿਹਾ, ਜੋ ਹੌਲ਼ੀ ਹੌਲ਼ੀ ਯਾਦ ਕਰ ਕੇ ਕਾਫ਼ੀ ਘਟਨਾਵਾਂ ਜੋ ਜੇਲ੍ਹਾਂ ਵਿੱਚ ਵਾਪਰੀਆਂ, ਉਹ ਨਹੀਂ ਲਿਖੀਆਂ ਸੈਂਸਰ ਕਾਰਨ, ਸੋ ਮੋਟੀ ਜਿਹੀ ਹਿਸਟਰੀ ਲਿਖੀ ਹੈ। ਬਾਹਰ 1973 ਤੋਂ ਬਾਅਦ 1980 ਤਕ ਕਾਂਗਰਸ ਤੇ ਪੁਲੀਸ ਦੇ ਵਿਰੁੱਧ ਸਟੇਜਾਂ ਲਾ ਕੇ ਪ੍ਰਚਾਰ ਬਹੁਤ ਕੀਤਾ ਹੈ। ਇਸੇ ਕਾਰਨ ਹੀ ਮੇਰੀ ਹਿਸਟਰੀ ਸੀਟ ਥਾਣੇ ਬਾਘੇ ਪੁਰਾਣੇ ਐਸ.ਐਸ.ਪੀ. ਦਫ਼ਤਰ 1971 ਤੋਂ ਹੀ ਚੱਲ ਰਹੀ ਹੈ ਤੇ ਕੋਈ ਵੀ ਰਾਜਸੀ ਗੜਬੜ ਹੋਵੇ, ਮੈਨੂੰ ਜ਼ਰੂਰ ਪੁਲੀਸ ਫੜ ਕੇ ਲੈ ਜਾਂਦੀ ਹੈ।

ਇੱਕ ਵਾਰ ਤਾਂ ਮਾਨ ਸਾਬ੍ਹ ਫ਼ਰੀਦਕੋਟ ਐਸ.ਐਸ.ਪੀ. ਹੁੰਦੇ ਸਨ ਸ੍ਰ. ਸਿਮਰਨਜੀਤ ਸਿੰਘ ਮਾਨ, ਇਹਨਾਂ ਨੇ ਵੀ 7 ਦਿਨ ਲਈ ਫੜ ਕੇ ਥਾਣੇ ਰੱਖਿਆ ਸੀ। ਉਸ ਵਕਤ ਬੱਸਾਂ ਦਾ ਕਿਰਾਇਆ ਵਧ ਗਿਆ ਸੀ, ਦਰਬਾਰਾ ਸਿੰਘ ਮੁੱਖ ਮੰਤਰੀ ਵੇਲ਼ੇ। 1980 ਵਿੱਚ ਅਸੀਂ ਬੱਸਾਂ ਦਾ ਘੇਰਾਓ ਕੀਤਾ ਸੀ ਮੋਗੇ ਤੇ ਹਜ਼ਾਰਾਂ ਹੀ ਬੱਸਾਂ ਰੋਕ ਲਈਆਂ ਸਨ ਤੇ ਟਰੈਫ਼ਿਕ 12 ਘੰਟੇ ਬੰਦ ਰਿਹਾ ਸੀ। ਇਸ

ਕਾਰਨ ਹੀ ਸਰਦਾਰ ਮਾਨ ਨੇ ਮੇਰੀ ਗ੍ਰਿਫਤਾਰੀ ਕੀਤੀ ਸੀ। ਹੁਣ ਕਈ ਵਾਰ ਮਿਲਣ ਤੇ ਮੈਂ ਯਾਦ ਕਰਾਇਆ ਹੈ।

ਆਉਣ ਵਾਲੇ ਸਮੇਂ ਵਿੱਚ ਪਤਾ ਨਹੀਂ ਅਕਾਲ ਪੁਰਖ ਨੂੰ ਕੀ ਮਨਜ਼ੂਰ ਹੋਵੇ, ਭਾਵੇਂ ਸੁਖ ਮਾਣੀਏ ਜਾਂ ਪਤਾ ਨਹੀਂ। ਰਾਜਸੀ ਹਾਲਾਤ ਕੀ ਬਣਨ, ਫਿਰ ਜੇਲ੍ਹਾਂ ਦੀਆਂ ਹੀ ਰੋਟੀਆਂ ਖਾਣੀਆਂ ਪੈਣ, ਕੁਝ ਨਹੀਂ ਕਿਹਾ ਜਾ ਸਕਦਾ। ਪਹਿਲਾਂ ਤਾਂ 19-20 ਸਾਲ ਤਾਂ ਜੇਲ੍ਹਾਂ ਦੇ ਲੇਖੇ ਹੀ ਚਲੇ ਗਏ, ਜੋ ਵਧੀਆ ਲੰਘ ਗਏ। ਕੋਈ ਅਫ਼ਸੋਸ ਨਹੀਂ ਹੈ, ਹਮੇਸ਼ਾ ਚੜ੍ਹਦੀ ਕਲਾ ਹੀ ਰਹੀ ਹੈ। ਇਹਨਾਂ 15 ਸਾਲਾਂ ਦੌਰਾਨ ਮੈਂ 16 ਸੁਪਰਡੈਂਟਾਂ ਕੋਲ ਜੇਲ੍ਹਾਂ ਵਿੱਚ ਰਿਹਾ ਹਾਂ। ਸਭ ਨਾਲ ਠੀਕ ਸੰਬੰਧ ਰਹੇ ਹਨ, ਵਧੀਆ ਸਮਾਂ ਲੰਘ ਗਿਆ ਹੈ। ਸਿਰਫ਼ ਸਰਕਾਰ ਵੱਲੋਂ ਹੀ ਸਖ਼ਤੀ ਕਾਰਨ ਕਈ ਵਾਰ ਮੁਸ਼ਕਲ ਪੇਸ਼ ਆਈ ਹੈ ਨਹੀਂ ਤਾਂ ਗੁਰੂ ਦੀ ਕਿਰਪਾ ਹੀ ਰਹੀ ਹੈ।

ਨਛੱਤਰ ਸਿੰਘ ਰੋਡੇ 19/7/1996

ਸਿੰਘ ਸਿਰ ਕਟਵਾਉਣੋਂ ਨਹੀਂ ਮੁੜਦੇ
ਮੁੜ ਜਾਂਦੇ ਮੂੰਹ ਤਲਵਾਰਾਂ ਦੇ
ਇਹ ਸਸਤਾ ਖ਼ੂਨ ਲੁਟਾਉਂਦੇ ਨੇ
ਪੁੱਛਦੇ ਨਹੀਂ ਭਾਅ ਬਜ਼ਾਰਾਂ ਦੇ
ਪਤਝੜਾਂ 'ਚ ਰਹਿੰਦੇ ਰਹਿੰਦੇ ਵੀ
ਗਾਉਂਦੇ ਨੇ ਗੀਤ ਬਹਾਰਾਂ ਦੇ
ਨਿੱਤ ਮੌਤ ਕਸੀਦੇ ਪੜ੍ਹਦੀ ਏ
ਇਹਨਾਂ ਸਿਰਲੱਥਿਆਂ ਸਰਦਾਰਾਂ ਦੇ

ਅਸੀਂ ਫੋਕੇ ਧਰਨੇ ਨਹੀਂ ਦਿੰਦੇ
ਸਿਰ ਤਲੀ ਤੇ ਧਰਨਾ ਆਉਂਦਾ ਏ
ਅਣਖੀਲਾ ਜੀਵਨ ਜੀਣ ਲਈ
ਸਾਨੂੰ ਹੱਸ ਕੇ ਮਰਨਾ ਆਉਂਦਾ ਏ।

ਚਰਨ ਸਿੰਘ ਸਫ਼ਰੀ

ਰਿਹਾਈ ਤੋਂ ਬਾਅਦ ਦਾ ਜੀਵਨ ਵੀ ਸੰਘਰਸ਼ਮਈ ਸੀ ਭਾਈ ਨਛੱਤਰ ਸਿੰਘ ਰੋਡੇ ਦਾ

ਭਾਈ ਨਛੱਤਰ ਸਿੰਘ ਰੋਡੇ 9 ਸਤੰਬਰ 1981 ਨੂੰ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਗ੍ਰਿਫਤਾਰ ਕਰ ਲਏ ਗਏ ਸਨ। ਸਖ਼ਤ ਟਾਰਚਰ ਤੋਂ ਬਾਅਦ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਸਜ਼ਾ ਹੋਈ ਤੇ ਉਹ ਕਈ ਜੇਲ੍ਹਾਂ ਵਿੱਚ ਰਹੇ। ਅਖ਼ੀਰ 16 ਸਾਲ ਵੱਖ-ਵੱਖ ਜੇਲ੍ਹਾਂ ਵਿੱਚ ਬਿਤਾਉਣ ਮਗਰੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦਖ਼ਲ ਨਾਲ ਉਹਨਾਂ ਦੀ ਰਿਹਾਈ ਦੇ ਆਰਡਰ ਜਾਰੀ ਹੋਏ।

ਭਾਈ ਨਛੱਤਰ ਸਿੰਘ ਰੋਡੇ ਦੀ ਇੱਕ ਪੌਕਟ ਡਾਇਰੀ ਤੇ ਲਿਖੇ ਹੋਏ ਨੋਟਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਉਹਨਾਂ ਦੀ ਰਿਹਾਈ ਦੇ ਆਰਡਰ 6 ਨਵੰਬਰ 1997 ਨੂੰ ਜਾਰੀ ਹੋਏ ਜਿਸ ਬਾਰੇ ਭਾਈ ਨਛੱਤਰ ਸਿੰਘ ਰੋਡੇ ਨੂੰ ਸ਼ਾਮ 7.45 ਤੇ ਪਤਾ ਲੱਗਾ।

ਰਿਹਾਈ ਪਿੱਛੋਂ ਸੰਗਰੂਰ ਜੇਲ੍ਹ 'ਚੋਂ ਬਾਹਰ ਆਉਂਦੇ ਭਾਈ ਨਛੱਤਰ ਸਿੰਘ ਰੋਡੇ

ਡਾਇਰੀ ਤੇ ਲਿਖੇ ਇੱਕ ਹੋਰ ਨੋਟ ਅਨੁਸਾਰ 10 ਨਵੰਬਰ 1997 ਨੂੰ ਉਹਨਾਂ ਦੀ ਰਿਹਾਈ ਦੇ ਆਰਡਰ ਜੇਲ੍ਹ ਵਿੱਚ ਪਹੁੰਚ ਗਏ। ਕਨੂੰਨੀ ਤੇ ਕਾਗਜ਼ੀ ਖਾਨਾਪੂਰੀ ਮੁਕੰਮਲ ਹੋਣ ਪਿੱਛੋਂ 20 ਨਵੰਬਰ 1997 ਨੂੰ ਦੁਪਹਿਰੇ 1.15 ਵਜੇ ਉਹਨਾਂ ਦੀ ਰਿਹਾਈ ਹੋਈ ਤੇ ਉਹ ਜੇਲ੍ਹ ਦੇ ਦਰਵਾਜ਼ੇ ਤੋਂ ਬਾਹਰ ਨਿਕਲੇ।

ਪਿੰਡ ਰੋਡੇ ਦੀ ਸੰਗਤ ਵੱਲੋਂ ਆਪਣੇ ਪਿੰਡ ਦੇ ਯੋਧੇ ਦਾ ਸਨਮਾਨ

ਭਰ ਜਵਾਨੀ ਦੀ ਚੜ੍ਹਦੀ ਉਮਰੇ ਜੇਲ੍ਹ ਵਿੱਚ ਗਿਆ ਇਹ ਅਣਖੀਲਾ ਸੂਰਮਾ ਜਦੋਂ ਚਿੱਟੇ ਦਾੜ੍ਹੇ ਵਾਲਾ ਬਜ਼ੁਰਗ ਬਣ ਕੇ ਜੇਲ੍ਹ ਦੇ ਦਰਵਾਜ਼ੇ 'ਚੋਂ ਬਾਹਰ ਨਿਕਲਿਆ ਤਾਂ ਪੰਥ ਦਰਦੀਆਂ ਦਾ ਹਜ਼ੂਮ ਅੱਖਾਂ ਵਿਛਾਈ ਉਡੀਕ ਕਰ ਰਿਹਾ ਸੀ। ਭਾਈ ਨਛੱਤਰ ਸਿੰਘ ਰੋਡੇ ਦਾ ਜੇਲ੍ਹ ਪੀਰੀਅਡ 16 ਸਾਲ 3 ਮਹੀਨੇ 15 ਦਿਨ ਬਣਦਾ ਹੈ। ਰਿਹਾਈ ਵਾਲੇ ਦਿਨ ਸ਼ਾਮ 6 ਵਜੇ ਘਰ ਪਹੁੰਚ ਕੇ ਭਾਈ ਨਛੱਤਰ ਸਿੰਘ ਰੋਡੇ ਨੇ ਉਸ ਜੰਮਣ ਭੋਇੰ ਦੇ ਫਿਰ ਦਰਸ਼ਨ ਕੀਤੇ, ਜਿੱਥੋਂ ਉਹ 16 ਸਾਲ ਪਹਿਲਾਂ ਲਾਲਾ ਜਗਤ ਨਰਾਇਣ ਨੂੰ ਸੋਧਣ ਲਈ ਤੁਰਿਆ ਸੀ।

ਰਿਹਾਈ ਤੋਂ ਬਾਅਦ ਪੰਥ ਦੀਆਂ ਅਹਿਮ ਸ਼ਖ਼ਸੀਅਤਾਂ ਉਹਨਾਂ ਨੂੰ ਮਿਲਣ ਲਈ ਉਹਨਾਂ ਦੇ ਘਰ ਆਉਂਦੀਆਂ ਰਹੀਆਂ, ਜਿਸ ਦੀਆਂ ਗਵਾਹ ਤਸਵੀਰਾਂ ਅੱਜ ਵੀ ਉਹਨਾਂ ਦੇ ਘਰ 'ਚ ਪਈਆਂ ਹਨ। ਜੇਲ੍ਹ 'ਚੋਂ

ਰਿਹਾਈ ਤੋਂ ਬਾਅਦ ਵੀ ਭਾਈ ਨਛੱਤਰ ਸਿੰਘ ਰੋਡੇ ਨੇ ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਆਪਣਾ ਸੰਘਰਸ਼ ਬੰਦ ਨਹੀਂ ਸੀ ਕੀਤਾ। ਇਲਾਕੇ ਵਿੱਚ ਉਹਨਾਂ ਦਾ ਸਤਿਕਾਰ ਵੀ ਸੀ ਅਤੇ ਮਜ਼ਬੂਤ ਆਧਾਰ ਵੀ। ਜਿੱਥੇ ਵੀ ਉਹ ਵੇਖਦੇ ਕਿ ਕਿਸੇ ਨਾਲ ਧੱਕਾ ਹੋਇਆ ਹੈ ਤੇ ਉਸ ਨੂੰ ਨਿਆਂ ਪ੍ਰਨਾਲੀ ਤੋਂ ਨਿਆਂ ਨਹੀਂ ਮਿਲ਼ਿਆ, ਤਾਂ ਉਸੇ ਵੇਲ਼ੇ ਹੀ ਉਹ ਉਸ ਧੱਕੇਸ਼ਾਹੀ ਦੇ ਵਿਰੁੱਧ ਡਟ ਜਾਂਦੇ।

ਭਾਈ ਨਛੱਤਰ ਸਿੰਘ ਰੋਡੇ ਦਾ ਕੁੜਤਾ ਵਿਖਾਉਂਦੇ ਹੋਏ ਉਹਨਾਂ ਦੇ ਭਰਾ ਸ੍ਰ. ਜੋਗਿੰਦਰ ਸਿੰਘ

ਆਪਣੇ ਅੰਤਮ ਸਮੇਂ ਬਿਮਾਰ ਹੋਣ ਤੋਂ ਪਹਿਲਾਂ ਉਹ ਮੋਗੇ ਵਿੱਚ ਇੱਕ ਕੇਸ ਦੀ ਤਰੀਕ ਭੁਗਤ ਕੇ ਗਏ ਸਨ। ਇਸ ਕੇਸ ਦੀ ਕਹਾਣੀ ਵੀ ਉਹਨਾਂ ਦੇ ਨਿਆਂ ਲਈ ਸੰਘਰਸ਼ਸ਼ੀਲ ਮਾਦੇ ਦੀ ਗਵਾਹੀ ਭਰਦੀ ਹੈ। ਇਲਾਕੇ ਅੰਦਰ ਇੱਕ ਪਤਨੀ ਨੇ ਹੀ ਆਪਣੇ ਪਤੀ ਦਾ ਸੁਪਾਰੀ ਦੇ ਕੇ ਕਤਲ ਕਰਵਾਇਆ ਸੀ। ਕਨੂੰਨ ਦੀ ਰਾਖੀ ਪ੍ਰਨਾਲ਼ੀ ਦੇ ਕਦਮ ਸ਼ਾਇਦ ਮੋਟੀ ਰਿਸ਼ਵਤ ਨਾਲ਼ ਬੰਨ੍ਹ ਦਿੱਤੇ ਗਏ ਸਨ ਜਿਸ ਬਾਰੇ ਪਤਾ ਲੱਗਣ ਤੇ ਭਾਈ ਨਛੱਤਰ ਸਿੰਘ ਰੋਡੇ ਨੇ ਇੱਕ ਕਮੇਟੀ ਬਣਾ ਕੇ ਸੰਘਰਸ਼ ਦਾ ਬਿਗਲ਼ ਵਜਾ ਦਿੱਤਾ।

ਭਾਈ ਨਛੱਤਰ ਸਿੰਘ ਰੋਡੇ ਦੇ ਇਸ ਮਸਲੇ ਤੇ ਸੰਘਰਸ਼ ਅਰੰਭ ਕਰ ਦਿੱਤੇ ਜਾਣ ਨਾਲ਼ ਕਾਤਲਾਂ ਦੀ ਧਿਰ ਘਬਰਾ ਗਈ। ਕਈ ਮੌਕੇ ਦੇ ਗਵਾਹ ਅਜੇ ਵੀ ਮੌਜੂਦ ਹਨ ਜਿਨ੍ਹਾਂ ਰਾਹੀਂ ਭਾਈ ਨਛੱਤਰ ਸਿੰਘ ਰੋਡੇ ਨੂੰ 50-60 ਲੱਖ ਰੁਪਏ ਤਕ ਦੇ ਲਾਲਚ ਦੇ ਕੇ ਕਿਹਾ ਗਿਆ ਕਿ ਉਹ ਇਸ ਮਸਲੇ ਤੋਂ ਲਾਂਭੇ ਹੋ ਜਾਣ, ਪਰ ਵਿਕ ਜਾਣਾ ਭਾਈ ਨਛੱਤਰ ਸਿੰਘ ਰੋਡੇ ਦੀ ਫ਼ਿਤਰਤ ਨਹੀਂ ਸੀ। ਫਿਰ ਇਸ ਹੀ ਕੇਸ ਵਿੱਚ ਸੰਬੰਧਿਤ ਮੁਲਜ਼ਮ ਔਰਤ ਦੀ ਬੱਸ ਤੇ ਹਮਲਾ ਕਰਨ ਦੇ ਕੇਸ ਵਿੱਚ ਭਾਈ ਨਛੱਤਰ ਸਿੰਘ ਰੋਡੇ ਨੂੰ ਨਾਮਜ਼ਦ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ। ਜ਼ਮਾਨਤ ਹੋ ਜਾਣ ਪਿੱਛੋਂ ਉਹ ਇਸ ਕੇਸ ਦੀਆਂ ਤਰੀਕਾਂ ਭੁਗਤ ਰਹੇ ਸਨ।

18 ਅਗਸਤ 2008 ਨੂੰ ਉਹ ਇਸੇ ਕੇਸ ਦੀ ਮੋਗੇ ਵਿਖੇ ਤਰੀਕ ਭੁਗਤ ਕੇ ਵਾਪਸ ਪਿੰਡ ਪਹੁੰਚੇ ਸਨ, ਜਦੋਂ ਇਕਦਮ ਹੀ ਬਿਮਾਰ ਹੋ ਗਏ। ਉਹਨਾਂ ਨੂੰ ਪੀਲੀਏ ਦੀ ਵੀ ਸ਼ਿਕਾਇਤ ਦੱਸੀ ਜਾਂਦੀ ਹੈ ਅਤੇ ਸ਼ੂਗਰ ਦੀ ਵੀ। ਉਹਨਾਂ ਦੀ ਸਿਹਤ ਅਚਾਨਕ ਵਿਗੜ ਜਾਣ ਤੇ ਉਹਨਾਂ ਨੂੰ ਕੋਟਕਪੂਰੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ 20 ਅਗਸਤ 2008 ਨੂੰ ਅਕਾਲ ਚਲਾਣਾ ਕਰ ਗਏ। ਇਸ ਤਰ੍ਹਾਂ ਇੱਕ ਸੰਘਰਸ਼ਸ਼ੀਲ ਸੂਰਮੇ ਦੇ ਜੀਵਨ ਦਾ ਸਫ਼ਰ ਪੂਰਾ ਹੋਇਆ।

ਜਦੋਂ ਸ੍ਰ. ਸਿਮਰਨਜੀਤ ਸਿੰਘ ਮਾਨ ਪਿੰਡ ਰੋਡੇ ਵਿਖੇ ਭਾਈ ਨਛੱਤਰ ਸਿੰਘ ਰੋਡੇ ਨੂੰ ਮਿਲਣ ਆਏ

ਰੋਡੇ ਪਿੰਡ ਦੀ ਪਵਿੱਤਰ ਧਰਤੀ, ਜਿੱਥੇ ਵੀਹਵੀਂ ਸਦੀ ਦੇ ਮਹਾਨ ਸਿੱਖ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਜੰਮਣ ਭੋਇੰ ਹੋਣ ਦਾ ਮਾਣ ਸਾਂਭੀ ਬੈਠੀ ਹੈ, ਓਥੇ ਇਹੀ ਧਰਤੀ ਭਿੰਡਰਾਂਵਾਲ਼ੇ ਦੀ ਫ਼ੌਜ ਦੇ ਇਸ ਅਹਿਮ ਸਿਪਾਹੀ ਭਾਈ ਨਛੱਤਰ ਸਿੰਘ ਰੋਡੇ ਦੀਆਂ ਕਈ

ਭਾਈ ਨਛੱਤਰ ਸਿੰਘ ਰੋਡੇ ਦੇ ਪਿਤਾ ਪੁਰਖੀ ਘਰ ਦੇ ਅੱਗੇ ਉਹਨਾਂ ਦੇ ਭਰਾ ਨਾਲ ਬੀਬੀ ਸੰਦੀਪ ਕੌਰ ਤੇ ਬਲਜੀਤ ਸਿੰਘ ਖ਼ਾਲਸਾ

ਯਾਦਾਂ ਸਾਂਭੀ ਬੈਠੀ ਹੈ। ਭਾਈ ਨਛੱਤਰ ਸਿੰਘ ਰੋਡੇ ਸੱਤ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ, ਪਰ ਉਹਨਾਂ ਨੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਬਜਾਏ ਕੌਮੀ ਜ਼ਿੰਮੇਵਾਰੀਆਂ ਨਿਭਾਉਣ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਸਭ ਤੋਂ ਪਹਿਲਾਂ ਆਪਣਾ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਕੇ ਚਲੇ ਗਏ। ਪਰਿਵਾਰ ਵਿੱਚ ਉਹਨਾਂ ਤੋਂ ਵੱਡੇ ਭਰਾ ਭਾਈ ਜੋਗਿੰਦਰ ਸਿੰਘ ਦੇ ਪਰਿਵਾਰ ਨੇ ਜਿਸ ਤਰ੍ਹਾਂ ਉਹਨਾਂ ਦੀਆਂ ਨਿਸ਼ਾਨੀਆਂ ਸਤਿਕਾਰ ਨਾਲ਼ ਸੰਭਾਲ਼ ਕੇ ਰੱਖੀਆਂ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਪਰਿਵਾਰ ਨੂੰ ਇਸ ਯੋਧੇ ਤੇ ਕਿੰਨਾ ਮਾਣ ਹੈ।

ਭਾਈ ਨਛੱਤਰ ਸਿੰਘ ਰੋਡੇ ਵਰਗੇ ਸੂਰਮੇ ਅਸਲ ਵਿੱਚ ਕੌਮਾਂ ਲਈ ਮਾਣ ਕਰਨ ਯੋਗ ਅਤੇ ਸੇਧ ਹਾਸਲ ਕਰਨ ਵਾਲ਼ੇ ਇਤਿਹਾਸਕ ਨਾਇਕ ਹੁੰਦੇ ਹਨ। ਭਾਈ ਨਛੱਤਰ ਸਿੰਘ ਰੋਡੇ ਦੀ ਮਹਾਨ ਕੁਰਬਾਨੀ ਨੂੰ ਇੱਕ ਵਾਰ ਫਿਰ ਪ੍ਰਣਾਮ।

ਬਲਜੀਤ ਸਿੰਘ ਖ਼ਾਲਸਾ
98558-31284

ਬੇਗੈਰਤੇ ਰੋਜ਼ ਨੇ ਜਨਮ ਲੈਂਦੇ, ਐਪਰ ਜੰਮਦੇ ਮਰਦ ਜਵਾਨ ਵਿਰਲੇ ।
ਗੱਪਾਂ ਮਾਰ ਗੁਵਾਰ ਹਜ਼ਾਰ ਜਾਂਦੇ, ਪੂਰੇ ਕੌਲ ਇਕਰਾਰ ਨਿਭਾਣ ਵਿਰਲੇ ।
ਜਦੋਂ ਯਾਰ ਦੇ ਹੱਥ ਤਲਵਾਰ ਹੋਵੇ, ਭੇਟ ਸੀਸ ਦੀ ਉਦੋਂ ਚੜ੍ਹਾਣ ਵਿਰਲੇ ।
ਅਮਰ ਵੱਸੇ ਪ੍ਰਮਾਤਮਾ ਦਿਲ ਅੰਦਰ, ਦੀਦ ਪਾਉਣ ਲਈ ਧੌਣ ਝੁਕਾਣ ਵਿਰਲੇ ।

ਅਮਰਜੀਤ ਸਿੰਘ ਸਭਰਾਵਾਂ

ਭਾਈ ਨਛੱਤਰ ਸਿੰਘ ਰੋਡੇ ਦੇ ਪਿਤਾ ਦਾ ਨਾਮ ਸ੍ਰ. ਮੇਹਰ ਸਿੰਘ ਅਤੇ ਮਾਤਾ ਦਾ ਨਾਮ ਬੀਬੀ ਅਨੰਦ ਕੌਰ ਸੀ। ਛੇ ਭਰਾਵਾਂ ਤੋਂ ਛੋਟੇ ਭਾਈ ਨਛੱਤਰ ਸਿੰਘ ਰੋਡੇ ਚੜ੍ਹਦੀ ਜਵਾਨੀ ਦੀ ਉਮਰੇ ਹੀ ਪੰਜਾਬ 'ਚ ਸਰਮਾਏਦਾਰੀ ਤੇ ਸਰਕਾਰ ਵਿਰੁੱਧ ਚੱਲ ਰਹੇ ਨਕਸਲਬਾੜੀ ਸੰਘਰਸ਼ ਵੱਲ ਖਿੱਚੇ ਗਏ। ਉਹਨਾਂ ਨੇ ਇਹ ਸੰਘਰਸ਼ ਵੀ ਪੂਰੀ ਸਿਦਕਦਿਲੀ ਅਤੇ ਸਮਰਪਣ ਭਾਵ ਨਾਲ਼ ਲੜਿਆ। ਇਸ ਸੰਘਰਸ਼ ਤੋਂ ਬਾਅਦ ਉਹ ਸੰਤ ਭਿੰਡਰਾਂਵਾਲ਼ਿਆਂ ਦੇ ਸੰਪਰਕ ਵਿੱਚ ਆ ਕੇ ਸਿੱਖ ਸੰਘਰਸ਼ ਦਾ ਅਹਿਮ ਹਿੱਸਾ ਬਣੇ। ਇਹ ਕਿਹਾ ਜਾ ਸਕਦਾ ਹੈ ਕਿ ਹੋਸ਼ ਸੰਭਾਲ਼ਣ ਤੋਂ ਬਾਅਦ ਭਾਈ ਨਛੱਤਰ ਸਿੰਘ ਰੋਡੇ ਜਾਂ ਜੰਗ ਦੇ ਮੈਦਾਨ 'ਚ ਰਹੇ ਤੇ ਜਾਂ ਫਿਰ ਜੇਲ੍ਹ ਵਿੱਚ। ਉਹਨਾਂ ਦੀ ਆਪਣੇ ਹੱਥੀਂ ਲਿਖੀ ਇਹ ਗਾਥਾ ਆਪਣੇ ਆਪ ਵਿੱਚ ਇਤਿਹਾਸ ਦਾ ਇੱਕ ਅਹਿਮ ਅਧਿਆਏ ਹੈ।